# ਸਾਕਾਰ

ਚਿਤ੍ਰਲੇਖ
ਕਵਿਤਾਵਾਂ



ਅਮਰਜੀਤ ਚੰਦਨ





# ਸਾਕਾਰ

## ਚਿਤ੍ਰਲੇਖ ਤੇ ਕਵਿਤਾਵਾਂ



ਅਮਰਜੀਤ ਚੰਦਨ ਦੀਆਂ ਹੋਰ ਕਿਤਾਬਾਂ

**ਕਵਿਤਾਵਾਂ**

ਕੌਣ ਨਹੀਂ ਚਾਹੇਗਾ (1975) ਕਵਿਤਾਵਾਂ (1985)
Being Here (1993, 1997, 2005)
ਜੜ੍ਹਾਂ (1995, 1999, 2005) ਬੀਜਕ (1996)
॥ਛੰਨਾ॥ (1998)
ਗੁੱਥਲੀ: ਇਕੋਤਰ ਸੌ ਚੋਣਵੀਆਂ ਕਵਿਤਾਵਾਂ (1999, ਲਹੌਰ ਛਪੀ)
ਗੁੜ੍ਹਤੀ (2000)
ਅਨਾਰਾਂ ਵਾਲ਼ਾ ਵਿਹੜਾ: ਚੁਰਾਸੀ ਚੋਣਵੀਆਂ ਕਵਿਤਾਵਾਂ (2002, ਲਹੌਰ ਛਪੀ)
ਅੰਨਜਲ (2006)
ਪੈਂਤੀ: ਚੋਣਵੀਂ ਕਵਿਤਾ (2009)
Sonata for Four Hands (2010)
ਪ੍ਰੇਮ ਕਵਿਤਾਵਾਂ: ਚੋਣਵੀਂ ਕਵਿਤਾ (2012)
ਪਰਦੇਸੀ ਢੋਲਾ: ਪਰਦੇਸ ਬਾਰੇ ਚੋਣਵੀਂ ਕਵਿਤਾ (2013)
ਲੰਮੀ ਲੰਮੀ ਨਦੀ ਵਹੈ: ਸਮੇਂ ਬਾਰੇ ਚੋਣਵੀਂ ਕਵਿਤਾ (2014)
ਸੱਚੀ ਟਕਸਾਲ: ਸ਼ਬਦ ਬਾਰੇ ਚੋਣਵੀਂ ਕਵਿਤਾ (2016)
The Parrot The Horse & The Man (2016)
ਸੰਦੂਕ (2017)
ਏਹ ਕਾਗਦ ਨਹੀਂ ਹੈ: ਗ਼ਦਰ ਚੋਣਵੀਂ ਰਚਨਾ (2020)
ਵਿੱਚੋਂ ਵਿੱਚੋਂ: 1975 ਤੋਂ ਲੈ ਕੇ 2000 ਤਕ ਦੀ ਚੋਣਵੀਂ ਕਵਿਤਾ (2020)
ਰਿਜ਼ਕ (2020)

**ਲੇਖ**

ਫੈਲਸੂਫੀਆਂ (1991, 2001)
ਨਿ।ਸ਼ਾ।ਨੀ (1997)
ਨੁਕ਼ਤਾ: ਚੋਣਵੇਂ ਲੇਖ (2007, ਲਹੌਰ ਛਪੀ)
ਪੋਟ਼ਲੀ: ਚੋਣਵੇਂ ਲੇਖ (2009)
ਲਿਖਤਮ ਪੜ੍ਹਤਮ: ਚੋਣਵੇਂ ਲੇਖ (2009, ਲਹੌਰ ਛਪੀ)
ਲਿਖਤ ਪੜ੍ਹਤ (2013, 2014)
ਲਿਖਜਤੇ (2020)

# ਸਾਕਾਰ

## ਚਿਤ੍ਰਲੇਖ ਤੇ ਕਵਿਤਾਵਾਂ

ਅਮਰਜੀਤ ਚੰਦਨ

ਸੱਚਲ ਪ੍ਰਕਾਸ਼ਨ, ਅੰਮ੍ਰਿਤਸਰ

Sãkãr
Essays and poems in Punjabi on photographs
by Amarjit Chandan

Cover: Gurvinder Singh

© Author
The moral rights of the author have been asserted

ISBN: 978-81-935225-8-5

First published in India in 2020 by
Sachal Parkashan, Amritsar
M: +91 9815550999, 9988453725, 9501103911
E: sachalparkashan@gmail.com
Distributor:
Harnoor Graphics, Amritsar

Printer:
Printwell, Amritsar

Price: ₹ 500/-

ਚਿਤ੍ਰਕਾਰ ਮਿਤ੍ਰ
ਮਲਕੀਤ ਸਿੰਘ ਦੀ ਯਾਦ ਨਿਮਿਤ

•

**ਪਰੋਛ.** ਗਜਾਨੀ. ਆਤਮ ਤਤ੍ਵ ਦੇ ਜਾਣਨ ਵਾਲਾ
**ਪ੍ਰਤੱਖ.** ਸੰ. ਪ੍ਰਤ੍ਯਕ੍ਸ਼. ਪ੍ਰਤਿ+ਅਕ੍ਸ਼. ਵਿ. ਅੱਖ ਦੇ ਸਾਹਮਣੇ. ਜ਼ਾਹਿਰ

# ਚਿਣਾਈ

## ਕਵਿਤਾਵਾਂ


9 ਪਿਤਾ ਨਾਲ਼ ਗੱਲਾਂ
11 ਬੂਹਾ
12 ਫ਼ੋਟੋ ਖਿਚਵਾਣ ਲੱਗਾ ਬੱਚਾ
13 ਫ਼ੋਟੋਬੂਥ
14 ਫ਼ੋਟੋ
15 ਨਿਰਾਕਾਰ :ਅਗਿਆਤ ਆਵਾਸੀ ਦਾ ਸਮਾਰਕ
17 ਭਗਤ ਸਿੰਘ ਦੀ ਕਮੀਜ਼ ਤੇ ਚੰਬੇਲੀ ਦੀ ਕਲੀ
19 ਮੂੰਗਫ਼ਲੀ ਭੁੰਨਦਾ ਬੰਦਾ
20 ਸਟਿੱਲ ਲਾਈਫ਼
21 ਮੰਗਲ ਬਾਜਾ
22 ਸੰਨ 1932 ਦੇ ਕਿਸੇ ਸੁਹਣੇ ਦਿਨ ਨਕੋਦਰ ਦੇ ਸਦਰ ਬਾਜ਼ਾਰ ਵਿਚ ਫ਼ੋਟੋ ਖਿੱਚ ਹੋਣ ਲੱਗੀ ਹੈ
27 ਕੂਚਾ ਕੋੜਿਆਂਵਾਲ਼ਾ ਅੰਮ੍ਰਿਤਸਰ ੧੯੧੯


## ਨਿਬੰਧ


30 ਗਿਆਨੋ
34 ਨੂਮਾ ਫਾਂਸੀਵਾਲ਼ਾ
42 ਸ਼ਨਾਖ਼ਤ
44 ਭਗਤ ਸਿੰਘ ਦੀ ਤਸਵੀਰ
47 ਬੇਵਤਨੀ
55 ਫ਼ਰੇਮ ਕੀਤਾ ਵਕਤ
58 ਵਿਛੋੜੇ ਦਾ ਸਾਕਾ
63 ਗੋਰਕੀ ਦੀ ਕਾਲ਼-ਕੋਠੜੀ
66 ਯਾਦਾਂ ਦੀ ਮਾਲ਼ਾ
75 ਪ੍ਰੇਮ ਕੇਲਾ
78 ਕੈਮਰੇ ਦੀ ਨੇਕ ਕਮਾਈ
83 ਪਿਓ ਪੁਤਰ
84 ਬਾਰੀ ਵਿਚ ਖੜ੍ਹੀ ਔਰਤ
86 ਦੋ ਪਾਸਪੋਰਟ
87 ਅੱਖੀਂ ਡਿੱਠਾ
88 ਦਰਪਣ
90 The Disappearance
95 Seeing Not Seeing

# ਕਵਿਤਾਵਾਂ

14/5/04 -

Quincy
Mieussy
Taninges
74440
France.

Amarjit!

I find your poem so beautiful - like an avenue in a city I was wanting to reach. Thank you for it. And tell your father I thank him.

I send you this notice - the exhibition will be over, but the book (probably better than the exhibition) is very special. Perhaps we could even write about it together?

May I hold both your hands?

John.

ਪਿਤਾ ਨਾਲ ਗੱਲਾਂ - ਕਵਿਤਾ ਬਾਰੇ ਮਹਾਨ ਲੇਖਕ ਜੌਨ ਬਰਜਰ ਦੀ ਚਿੱਠੀ



# ਪਿਤਾ ਨਾ.ਲ ਗੱਲਾਂ


ਤੁਸਾਂ ਸਿਖਾਇਆ ਮੈਨੂੰ ਊੜਾ ਲਿਖਣਾ
ਖੁਸ ਖੁਸ ਕਰਦਾ ਹੱਥ ਮਿਰਾ ਅਪਣੇ ਹੱਥ ਵਿਚ ਲੈ ਕੇ
ਤੁਸਾਂ ਸਿਖਾਇਆ ਕੈਮਰਾ ਫੜਨਾ
ਕਿਵੇਂ ਸ਼ੀਸ਼ੇ ਦੀ ਅੱਖ ਨੂੰ ਅੱਖ ਦੇ ਨਾ.ਲ ਮੇਲਣਾ
ਸੇਧ ਨਿਸ਼ਾਨਾ ਪੁਤਲੀ ਵਿਚ ਨੂੰ
ਤੁਸਾਂ ਸਿਖਾਇਆ ਬਟਣ ਦਬਾਣਾ ਸਾਹ ਰੋਕ ਕੇ
ਕੈਮਰਾ ਜਿਉਂ ਬੰਦੂਕ ਹੋਂਵਦਾ
ਜੋ ਦਾਗੇ ਹੈ ਰੂਹ ਵਿਚ ਸਿੱਧੀ ਸੰਜੀਵਨ ਗੋ.ਲੀ

ਤੁਸੀਂ ਕੈਸੇ ਪਰਲੋਕ ਸਿਧਾਏ ਮੁੜ ਕੇ ਫਿਰ ਨਾ ਆਏ
ਹੁਣ ਕਿੱਥੇ ਓ ਕੀ ਕਰਦੇ ਓ
ਆ ਜਾਓ ਤਾਂ ਛੁੱਟੀ ਲੈ ਕੇ
ਮੈਂ ਖਿਚਾਂਗਾ ਤਸਵੀਰ ਤੁਹਾਡੀ ਨਾ.ਲ ਬਿਠਾ ਕੇ ਅੱਖ ਲਿਸ਼ਕਾ ਕੇ

ਯਾਦ ਹੈ ਅਪਣੀ ਉਹ ਤਸਵੀਰ
ਜੋ ਕੈਮਰੇ ਅਪਣੇ-ਆਪੂੰ ਖਿਚੀ
ਤੁਸੀਂ ਹੋ ਬੈਠੇ ਮੈਨੂੰ ਕੁੱਛੜ ਚਾਈ ਗੱਲ੍ਹ ਨਾ' ਗੱਲ੍ਹ ਛੁਹਾ ਕੇ

ਤਸਵੀਰ ਨਹੀਂ ਹੈ ਦਸਦੀ
ਉਸ ਪਲ ਸੀ ਤੁਹਾਡਾ ਦਿਲ ਭਰ ਆਇਆ

ਆਵੋ ਮੁੜ ਕੇ
ਮੈਂ ਦਿਖਲਾਵਾਂਗਾ ਖਿਚੀਆਂ ਉਨ੍ਹਾਂ ਦੀਆਂ ਤਸਵੀਰਾਂ
ਤੁਸੀਂ ਜਿਨ੍ਹਾਂ ਨੂੰ ਮਿਲੇ ਨਹੀਂ ਸੀ
ਉਹ ਥਾਵਾਂ ਵੀ ਜਿਥੇ ਤੁਸੀਂ ਗਏ ਨਹੀਂ ਸੀ
ਤੇ ਤੁਸੀਂ ਦਿਖਲਾਈਓ ਮੈਨੂੰ ਉਹ ਤਸਵੀਰਾਂ ਸੰਗਤੀਆਂ ਦੀਆਂ ਜੋ ਰਹਿੰਦੇ ਸੱਚਖੰਡ ਅੰਦਰ



ਇਜ਼ਮਿਰ, ਤੁਰਕੀ 2006

## ਬੂਹਾ

ਬੂਹਾ ਕਾਹਦਾ   ਸੁੱਕਾ ਰੁੱਖ ਸੀ
ਧੁੱਪਾਂ ਤੇ ਮੀਹਾਂ ਦਾ ਝੰਬਿਆ
ਰੰਗ ਰੂਪ ਸੀ ਨੁੱਚੜ ਚੁੱਕਾ

ਪੱਲੜਿਆਂ ਵਿਚ ਕਿੱਲ ਠੁਕੇ ਜੰਗਾਲੇ
ਕੰਧ ਨੇ ਚੌਖਟ ਸਾਂਭ ਕੇ ਰੱਖੀ
ਕੰਧ ਖੜ੍ਹੀ ਸੀ ਰੱਬ ਆਸਰੇ

ਬੂਹਾ ਕੰਧ ਬਣਿਆ ਸੀ

ਕਬਜ਼ੇ ਟੁੱਟੇ  ਰੱਸੀ ਲਟਕੇ
ਤਾਲ਼ਾ ਲੱਗਿਆ          ਹੋਇਆ ਕਾਲ਼ਾ
ਨਾ ਕੁੰਜੀ   ਨ ਕੁੰਜੀ ਵਾਲ਼ੇ

ਸਿਖਰ ਦੁਪਹਿਰਾ
ਬਾਹਰ ਬਿੱਲੀ ਅਤੇ ਬਲੂੰਗੇ
ਸੁੱਤੇ ਪਏ ਸੀ ਛਾਂ ਭਾਲ਼ ਕੇ

ਵਿਚ ਪਰਦੇਸ ਦੇ
ਰਸਤੇ ਜਾਂਦੇ ਰਾਹੀ
ਜੋ ਬੂਹਾ ਡਿੱਠਾ
ਉਹ ਤਾਂ ਉਹਦੇ ਘਰ ਦਾ ਹੀ ਸੀ
ਛੱਡ ਕੇ ਆਇਆ ਵਰ੍ਹਿਆਂ ਪਹਿਲਾਂ
ਜੁੱਗੜੇ ਬੀਤੇ
ਹੁਣ ਨਾ ਖੁੱਲ੍ਹਣਾ

ਘਰ ਦਾ ਬੂਹਾ ਕੰਧ ਬਣਿਆ ਹੈ

## ਫ਼ੋਟੋ ਖਿਚਵਾਣ ਲੱਗਾ ਬੱਚਾ

ਬੱਚਾ ਕੈਮਰੇ ਦੀ ਅੱਖ ਵਿਚ ਤੱਕਦਾ ਮੁਸਕਾਂਦਾ ਹੈ
ਏਸ ਅੱਖ ਨੇ ਓਵੇਂ ਹੀ ਤੱਕਣਾ
ਜਿਕਣ ਉਹ ਚਾਹੁੰਦਾ ਹੈ
ਇਹ ਤਾਂ ਉਸਦੀ ਹੋਰ-ਇਕ ਅੱਖ ਹੈ
ਜਿਸਦੇ ਥਾਣੀਂ ਸਭ ਕੁਝ ਲੁਕਿਆ ਜ਼ਾਹਰ ਹੁੰਦਾ
ਜਿਥੇ ਹਰ ਜੰਦਰਾ ਮੁਸਕਾਨ ਦੀ ਚਾਬੀ ਨਾ' ਖੁੱਲ੍ਹਦਾ ਹੈ
ਇਹ ਅੱਖ ਜੰਗਲੀ ਘੋੜਿਆਂ ਦੇ ਨਿਤ ਸੁਪਨੇ ਦੇਖੇ

ਬਾਲ ਖੜ੍ਹਾ ਮੁਸਕਾਂਦਾ
ਕਿਉਂ ਜੋ ਵੱਡੇ ਮੁਸਕਾਂਦੇ ਹਨ
ਵੱਡੇ ਦੱਸਣ – ਇੰਜ ਮੁਸਕਾਓ!
ਬਾਲ ਅਵਾਣਾ ਅਜੇ ਨ ਜਾਣੇ –
ਸਭ ਤੋਂ ਵੱਡੇ ਨੇ ਮੁਸਕਾਣਾ ਸੀ ਕਿਸ ਤੋਂ ਸਿੱਖਿਆ
ਇਸ ਵੇਲੇ ਉਹ ਭੈਣ ਨਾ' ਰੁੱਸਿਆ
ਨਾ ਚਾਹਵੇ ਮੁਸਕਾਣਾ
ਪਰ ਕੀ ਕਰੇ, ਇਸ ਸਾਰੀ ਗੱਲ ਤੋਂ ਹੱਸਣੋਂ ਰਹਿ ਨਹੀਂ ਹੁੰਦਾ

ਹਾਸਾ ਰੋਕੀ ਬੱਚਾ ਕੈਮਰੇ ਦੀ ਅੱਖ ਵਿਚ ਤੱਕਦਾ ਮੁਸਕਾਂਦਾ ਹੈ

**ਫ਼ੋਟੋਬੂਥ** *ਹਿੰਦੀ ਕਵੀ ਮੋਹਨ ਰਾਣਾ ਦੇ ਨਾਂ*



ਤੁਮ ਨੇ ਕਹਾ -
ਫ਼ੋਟੋਬੂਥ ਬੜੀ ਚਮਤਕਾਰ ਚੀਜ਼ ਹੈ
ਜਬ ਭੀ ਮੈਂ ਅੰਦਰ ਜਾਤਾ ਹੂੰ
ਹਰ ਬਾਰ ਨਈ ਬਾਤ ਨਿਕਲਤੀ ਹੈ

ਕਯਾ ਤੁਮ ਨੇ ਦੇਖਾ ਕਵੀਵਰ?
ਫ਼ੋਟੋਬੂਥ ਮੇਂ
ਏਕ ਨਿਤਾਂਤ ਅਕੇਲਾ ਬਹਰੂਪੀਆ ਛਿਪਾ ਰਹਤਾ ਹੈ
ਤੁਮ ਅੰਦਰ ਘੁਸਤੇ ਹੋ
ਉਸੇ ਪੈਸੇ ਸੇ ਚਲਾਤੇ ਹੋ
ਵਹ ਏਕ ਆਂਖ ਵਾਲਾ ਜੀਵ ਤੁਮਹਾਰੀ ਓਰ ਦੇਖਤਾ ਹੈ
ਤੁਮ ਮੁਸਕਰਾਨੇ ਕੀ ਕੋਸ਼ਿਸ਼ ਕਰਤੇ ਹੋ
ਅਜੀਬ ਅਜੀਬ ਹਰਕਤੇਂ ਕਰਤੇ ਹੋ
ਕੰਘੀ ਸੇ ਬਾਲ ਠੀਕ ਕਰਤੇ ਹੋ
ਵਹ ਜੀਵ ਤੁਮਾਹਰਾ ਏਕ ਵਿਵਸ਼ ਪਲ ਐਸੇ ਪਕੜਤਾ ਹੈ ਜੈਸੇ ਮੱਖੀ ਹੋ
ਔਰ ਉਸ ਨਿਸ਼ਪ੍ਰਾਣ ਕਸ਼ੱਣ ਕੀ ਫ਼ੋਟੋ ਬਨਾ ਕਰ
ਤੁਮਹਾਰੀ ਹਥੇਲੀ ਪਰ ਰਖ ਦੇਤਾ ਹੈ
ਜੋ ਤੁਮ ਅਪਨੇ ਬੇਟੇ ਕੋ ਔਰ ਪਾਸਪੋਰਟ ਅਧਿਕਾਰੀਓਂ ਕੋ ਦਿਖਾਨੇ ਕੇ ਲੀਏ
ਅਪਨੀ ਜੇਬ ਮੇਂ ਰਖ ਲੇਤੇ ਹੋ

ਇਸ ਬਾਰ ਤੁਮਹੇਂ ਲਗਾ -
ਫ਼ੋਟੋ ਮੇਂ ਤੁਮ ਦਲਾਈ ਲਾਮਾ ਸੇ ਲਗਤੇ ਹੋ।

ਮੈਂ ਨੇ ਤੋ ਖ਼ੁਦ ਏਕ ਬਾਰ
ਕਿਸੀ ਫ਼ੋਟੋਬੂਥ ਮੇਂ ਵਹ ਬਹਰੂਪੀਆ ਅਪਨੀ ਆਂਖੋਂ ਸੇ ਦੇਖਾ ਥਾ।
ਮੈਂ ਅੰਦਰ ਘੁਸਾ
ਤੋ ਵਹ ਮੁਝੇ ਦੇਖ ਕਰ
ਦਲਾਈ ਲਾਮਾ ਕੀ ਤਰਹ ਹੰਸਨੇ ਲਗਾ।

ਉਸੇ ਮਿਲ ਕਰ ਇਨਸਾਨ ਬਹੁਤ ਪਰੇਸ਼ਾਨ ਰਹਨੇ ਲਗਤਾ ਹੈ।
ਕਯੋਂ ਨ ਹਮ ਪਤਾ ਕਰੇਂ ਅਬ
ਕਿ ਅਨਯ ਜੀਵ ਹਮੇਂ ਕੈਸੇ ਦੇਖਤੇ ਹੈਂ
ਜੈਸੇ ਕੁੱਤਾ
ਜੈਸੇ ਪੇੜ
ਜੈਸੇ ਆਸਮਾਨ
ਉਨ ਕੀ ਆਂਖੋਂ ਮੇਂ ਦੇਖਨੇ ਕੋ ਹਮੇਂ ਸ਼ਬਦ ਮੇਂ ਜਾਨਾ ਹੋਗਾ॥

## ਫ਼ੋਟੋ

*ਸੈਸਟੀਨ ਚੈਪਲ, ਵੈਟੇਕਨ, ਰੋਮ ਵਿਚ ਮਾਈਕਲ ਐਂਜਲੋ (1475-1564 ਈ:) ਦਾ ਸ਼ਾਹਕਾਰ ਵੇਖ ਕੇ*


ਵਾਹ! ਕੈਸੀ ਮਾਈਕਲ ਫ਼ੋਟੋ ਖਿੱਚੀ
ਧੰਨ ਧੰਨ ਹੁੰਦੀ ਜਾਵੇ

ਇਕ ਵਾਰੀ ਸੁੱਤਿਆਂ ਮਾਈਕਲ ਡਿੱਠਾ –
ਰੱਬ ਜੀ ਕਲਾ ਜਗਾਉਂਦੇ
ਨਾਲ਼ ਫ਼ਰਿਸ਼ਤੇ ਹਾਜ਼ਿਰ ਨਾਜ਼ਿਰ
ਇੱਕੋ ਛੂਹ ਨਾ'
ਆਦਮ ਵਿਚ ਰੂਹ ਫੂਕਣ ਲੱਗੇ

ਫਿਰ ਜਾਗਦਿਆਂ ਮਾਈਕਲ ਫ਼ੋਟੋ ਵਾਹੀ ਧਰਤੀ ਦੀ ਛੱਤ ਦੇ ਉੱਤੇ
ਭਰ ਕੇ ਰੰਗ ਕਰਤਾਰੀ

ਖ਼ਲਕਤ ਸਾਰੀ
ਹੱਕੀਬੱਕੀ ਅੱਖੀਆਂ ਭਰ ਕੇ
ਧੰਨ ਧੰਨ ਕਰਦੀ ਜਾਵੇ
ਸਿਰ ਨਿਵਾਵੇ
ਨਾਮ ਧਿਆਵੇ
ਯਹੋਵਾਹ ਪਰਮੇਸ਼ਰ
ਯਹੋਵਾਹ ਪਰਮੇਸ਼ਰ

* ਯਹੋਵਾਹ ਪਰਮੇਸ਼ੁਰ ਨੇ ਆਦਮੀ ਨੂੰ ਜ਼ਮੀਨ ਦੀ ਮਿੱਟੀ ਤੋਂ ਰਚਿਆ ਅਤੇ ਉਸਦੀਆਂ ਨਾਸਾਂ ਵਿਚ ਜੀਵਣ ਦਾ ਸਾਹ ਫੂਕਿਆ ਸੋ ਆਦਮੀ ਜੀਉਂਦੀ ਜਾਨ ਹੋ ਗਿਆ 0 – ਅੰਜੀਲ, ਉਤਪਤ 2:7



# ਨਿਰਾਕਾਰ : ਅਗਿਆਤ ਆਵਾਸੀ ਦਾ ਸਮਾਰਕ

*ਐਸਟੋਰੀਆ, ਔਰੇਗੌਨ ਵਿਚ ਗ਼ਦਰ ਸਮਾਰਕ ਤਾਂ ਕੋਈ ਬਣਿਆ ਨਹੀਂ। ਪਰ ਮੈਂ ਅਪਣੇ ਭਾਸ਼ਣ ਵਿਚ ਉਹਦੀ ਥਾਂ ਖ਼ਾਲੀ ਸਲਾਈਡ ਦਿਖਾ ਦੇਵਾਂਗੀ।* – ਜੋਹੱਨਾ ਔਗਡੈੱਨ, ਇਤਿਹਾਸਕਾਰ। ਈਮੇਲ 6 ਨਵੰਬਰ 2012.

ਇਹ ਸ਼ਵੇਤ ਖੰਡ ਜੋ ਜੜਿਆ ਸ਼ਿਆਮਲ ਚੌਖਟ
ਇਹ ਸਮਾਰਕ ਹੋਰ ਕਿਤੇ ਨਾ          ਕੇਵਲ ਮਨਤਲ ਉੱਤੇ

ਇਹ ਤਲ ਇਤਨਾ ਕੋਮਲ ਸਹਿਣ ਨਾ ਜੋਗਾ ਕਿਸੇ ਵੀ ਰੰਗ ਨੂੰ

ਇਸਦਾ ਕੋਈ ਨਾ ਖਿਤਿਜ
ਇਸ ਥਾਵੇਂ ਧਰਤੀ ਤੇ ਆਕਾਸ਼ ਕਦੇ ਵੀ ਮਿਲ਼ਦੇ ਨਾਹੀਂ

ਅਹਿਲ ਛਬੀ ਇਹ ਹਰਦਮ ਹਿੱਲਦੀ ਰਹਿੰਦੀ

ਇਹ ਰਾਹਦਾਰੀ ਅਗਿਆਤ ਦੇਸ ਦੀ
                    ਉੱਪਰ ਕਿਹਦੀ ਫ਼ੋਟੋ ਲੱਗੀ
                              ਹੋਣੀ ਪਾਈ ਗਵਾਹੀ ਕਦੇ ਨਾ ਮੁੜ ਪਰਤਣ ਦੀ

ਇਹ ਘੜੀ ਜੋ ਨਿਤ ਦੱਸਦੀ ਹੈ ਘਰ ਛੱਡਣ ਦਾ ਵੇਲਾ
        ਜਦ ਅੱਖਾਂ ਭਰ ਕੇ ਪਾਂਧੀ ਟੁਰਿਆ ਦੂਰ ਉਦਾਸੀ

ਇਹ ਸੁਪਨਾ ਜੋ ਕੈਦੀ ਲੈਂਦੇ

ਇਹ ਦਰਪਣ ਹੈ ਆਸਾ ਦੀ ਲੋਅ ਨਾ' ਲੂਹਿਆ

ਦਿਨ ਦੇ ਵੇਲੇ ਚੰਨ ਲਟਕੇ ਹੈ ਰੁੱਖ ਦੇ ਉੱਤੇ ਜਿਸਦਾ ਨਾ ਪਰਛਾਵਾਂ

ਸੁਰ ਅਵਰੋਹੀ ਆਲਾਪ ਹੈ ਛਿੜਿਆ
ਕੋਈ ਲਿਖਤ ਵਿਅੰਜਨੋਂ ਵਾਂਝੀ

ਜੀਵਨ ਪੁਸਤਕ ਅੰਤਿਮ ਪੰਨਾ ਖ਼ਾਲੀ ਰੱਖਿਆ

ਚਲਦੀ ਰੀਲ ਫ਼ਿਲਮ ਦੀ ਟੁੱਟੀ ਸਾਹਵੇਂ ਕੁਝ ਨਾ ਦਿਸਦਾ

ਠੰਢੀ ਸੀਤ ਸੁੰਨ ਸ਼ਾਂਤੀ

ਤਥਤਾ

* ਸੰਨ 1913 ਵਿਚ ਐਸਟੋਰੀਆ, ਔਰੇਗੌਨ ਵਿਚ ਗ਼ਦਰ ਪਾਰਟੀ ਸਾਜੀ ਗਈ ਸੀ। – ਪ੍ਰਕੇਵਲ ਸੁੰਨ ਨੂੰ ਪਾਲੀ ਤੇ ਸੰਸਕ੍ਰਿਤ ਵਿਚ ਤਥਤਾ ਕਿਹਾ ਜਾਂਦਾ ਹੈ।



# ਭਗਤ ਸਿੰਘ ਦੀ ਕਮੀਜ਼ ਤੇ ਚੰਬੇਲੀ ਦੀ ਕਲੀ

ਸਮਝ ਨਹੀਂ ਸੀ ਆਂਦੀ
ਛੋਟੇ ਲਾਹਵਾਂ ਤਾਂ ਕਿੰਜ ਲਾਹਵਾਂ
ਕਿਸ ਬਿਧ ਰੱਖਾਂ ਕਿਸ ਬਿਧ ਚਾਵਾਂ
ਨੂਰਾਨੀ ਬੰਦਾ ਝੱਗਾ ਖ਼ਾਕੀ
ਛਡ ਤੁਰਿਆ ਅਣਮੋਲ ਨਿਸ਼ਾਨੀ

ਚੰਬੇਲੀ ਦੀ ਛਾਵੇਂ ਵਿਹੜੇ ਦੇ ਵਿਚ ਮੈਂ
ਝਕਦੇ ਝਕਦੇ ਕਮੀਜ਼ ਵਿਛਾਈ ਫ਼ਰਸ਼ 'ਤੇ ਰਖ ਕੇ ਚਿੱਟੀ ਚੱਦਰ
ਝੋਝੇ ਵਿਚ ਸਨ ਦਿਲ ਧੜਕਣਾਂ
ਵਸਤਰ ਨਿੱਘਾ ਲੱਗਾ ਜਿਉਂ ਬੰਦਾ ਝੱਗਾ ਲਾਹ ਕੇ ਹੁਣੇ ਗਿਆ ਹੈ
ਮੁੜ ਆਵੇਗਾ

ਕੈਮਰੇ ਦਾ ਬਟਣ ਦਬਾਵਣ ਲੱਗਿਆਂ
ਸ਼ੀਸ਼ੇ ਦੀ ਅੱਖ ਥਾਣੀਂ ਮੈਂ ਕੀ ਤੱਕਿਆ –

ਕਲੀ ਚੰਬੇਲੀ ਡਿੱਗੀ ਆਣ ਕਮੀਜ਼ ਦੇ ਉੱਤੇ ਪੋਲੇ ਦੇਣੀ



## ਮੂੰਗਫ਼ਲੀ ਭੁੰਨਦਾ ਬੰਦਾ

*ਅਕਰਮ ਵੜੈਚ ਦੀ ਖਿੱਚੀ ਤਸਵੀਰ ਦੇਖ ਕੇ*

ਧੂੰਆਂ    ਧੂੰਆਂ    ਧੂੰਆਂ
ਹਰ ਪਾਸੇ ਧੂੰਆਂ
ਅੱਖਾਂ ਧੂੰਆਂ
ਪਾਣੀ ਧੂੰਆਂ
ਅੱਖਾਂ ਦਾ ਪਾਣੀ ਧੂੰਆਂ

ਫੂਕਾਂ ਮਾਰ ਜਗਾਈ ਅਗਨੀ
ਸਾਹਵਾਂ ਨਾਲ਼ ਮਘਾਏ ਧੁਖਦੇ ਕੋਲ਼ੇ
ਭੁੰਨਣੇ ਨੂੰ ਰੁੱਤ ਦਾ ਮੇਵਾ
ਮਸਕੀਨ ਦਾ ਖਾਜਾ

ਭੁੱਖ ਕੜਾਹੀ
ਵਿਚ ਵਿਛਿਆ ਰੇਤਾ ਮਾਰੂਥਲ ਦਾ
ਤਪਦੀ ਭੱਠੀ
ਹਿਲਦੀ ਦਾਤੀ ਰੰਗ ਰੜ੍ਹਦਾ ਰੱਤਾ ਹੁੰਦਾ
ਬੰਦਾ ਨੀਝ ਲਗਾਈ ਤੱਕਦਾ
ਪੜ੍ਹਦਾ ਲਿਖਿਆ ਕਿਸ ਕਿਸ ਦਾ ਨਾਂ ਹਰ ਦਾਣੇ ਉੱਤੇ
ਤਪ ਤਪ ਕੇ ਗੂੜ੍ਹਾ ਹੁੰਦਾ

ਕਢ ਕਢ ਦਾਣਾ ਦਾਣਾ ਕਿਸ ਖਾਣਾ
ਦੇਖ ਦੇਖ ਭੁੱਖ ਲੱਗਣੀ ਫਿਰ ਲੱਥਣੀ
ਟੁੱਟਦਾ ਛਿਲਕਾ ਮੂੰਗਫ਼ਲੀ ਦਾ ਕਹਿੰਦਾ
ਧੰਨ ਧੰਨ ਬੀਜਕ ਰੱਜ ਦਾ
ਸੁੱਖ ਦੇ ਰੁੱਖ ਦਾ

# ਸਟਿੱਲ ਲਾਈਫ਼

ਸੋਹੰਦੇ ਰੱਖੇ ਕੰਚ ਦੇ ਪਾਤਰ
ਸਪਤਧਾਰ* ਜਿਉਂ ਵਹਿੰਦੀ ਨੀਲੀ
ਕੋਈ ਸ਼ੀਸ਼ੀ ਨਿੱਕੜੀ ਕੋਈ ਵੱਡੀ
ਭਰੀ-ਭਰਾਤੀ ਨੀਲੀ ਲੋਅ ਨਾ'
ਧੁੱਪ ਵੀ ਨੀਲੀ ਰਾਤ ਵੀ ਨੀਲੀ
ਰੰਗ ਰੱਤੀ ਹਵਾ ਵੀ ਨੀਲੀ
ਨਾਲ਼ ਪਿਆ ਹੈ ਖੰਡਾ ਸੋਹੰਦਾ
ਚੰਡਿਆ ਨੀਲੀ ਅੱਗ ਵਿਚ ਤਪਿਆ
ਚੇਤੇ ਰਖਦਾ ਸ਼ਸਤਰਧਾਰੀ
ਜੋ ਨੀਲਾ ਬਾਣਾ** ਪਹਿਨ ਕਰ ਲੜਿਆ

* ਸਪਤਸਿੰਧੂ
** ਗੁਰੂ ਗੋਬਿੰਦ ਸਿੰਘ ਜੀ



ਅਪਣੇ ਘਰ ਵਿਚ ਮੇਰੀ ਖਿੱਚੀ ਤਸਵੀਰ, ਸਾਂਤਾ ਬਾਰਬਰਾ, ਕੈਲਿਫ਼ੋਰਨੀਆ. 2015

## ਮੰਗਲ ਬਾਜਾ

ਮਾਂ ਨੇ ਖਿਡਾਉਣਾ ਮੈਨੂੰ ਬਿਨ-ਮੰਗਿਆਂ ਹੀ ਲਿਆ ਦਿੱਤਾ। ਇਹ ਸੀ ਨਿੱਕਾ-ਜਿਹਾ ਹਾਰਮੋਨੀਅਮ। ਉਹ ਇਸ ਨਿੱਕੀ-ਜਿਹੀ ਸੁਗਾਤ ਨੂੰ ਸਿਰ 'ਤੇ ਇਉਂ ਚੁਕ ਕੇ ਘਰ ਲਿਆਈ, ਜਿਵੇਂ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਚੁੱਕੀ ਆ ਰਹੀ ਹੋਵੇ।

– ਹਰਿਭਜਨ ਸਿੰਘ, *ਚੋਲ਼ਾ ਟਾਕੀਆਂ ਵਾਲ਼ਾ*, 1994

ਅਜਬ ਖਿਡੌਣਾ ਮਨ ਰਿਝੌਣਾ ਬਿਨ-ਮੰਗਿਆਂ ਜੁ ਮਿਲ਼ਿਆ
ਮੰਗਲ ਬਾਜਾ ਲਾਖੇ ਰੰਗ ਦਾ ਸੁਹਣ ਸੁਣੱਖਾ
ਵਿਚ ਜੜਿਆ ਤਾਂਬਾ ਲੱਕੜ ਚਮੜਾ ਪੱਲਾ

ਅਲੂੰਆਂ ਮੁੰਡਾ
ਕੋਠੇ ਚੜ੍ਹ ਕੇ ਬੈਠਾ ਇਕਲ਼ਵਾਂਝੇ ਕੱਲਮਕੱਲਾ
ਸਿਰ 'ਤੇ ਸੂਰਜ
ਕੱਲਾ ਰੁੱਖ ਉਜਾੜ ਚ ਉੱਗਿਆ
ਜਿਸਦਾ ਨਾ ਪਰਛਾਵਾਂ

ਹਰਦਮ ਯਾਦ ਹੈ ਵਰਤੇ —
ਕੁੱਖ ਵਰਗੀ ਜੰਮਣ ਭੋਇੰ ਛੱਡ ਤੁਰਨੇ ਲੱਗਾ
ਨਾਰੀ ਵਾਲ਼ ਖਿਲਾਰੀ ਜ਼ੋਰ ਜ਼ੋਰ ਸਿਰ ਮਾਰੇ
ਕੋਲ਼ ਖਲੋਤੇ ਨਦੀ ਕਿਨਾਰੇ
ਗੁਰਮੁਖ ਢੋਲ ਵਜਾਵਣ ਗਾਵਣ:
ਚਲੋ ਸਿੰਘੋ ਚਲ ਦਰਸ਼ਨ ਕਰੀਏ

ਮੋਈ ਮਾਂ ਰਾਣੀ ਕੋਈ ਨਾ ਹਾਣੀ
ਵਾਜ ਨਿਆਣੀ ਆਪੇ ਨੂੰ ਭਰਮਾਉਂਦੀ
ਗਾਉਂਦੀ ਹੇਕ ਰਲ਼ਾਉਂਦੀ
ਕਾਲ਼ਾ ਚਿੱਟਾ ਚਿੱਟਾ ਕਾਲ਼ਾ ਰੰਗ ਦਬਾ ਕਰ
ਨਾਲ਼ ਵਜੰਦਾ ਬਾਜਾ ਕੱਢਦਾ ਵਾਜਾਂ
ਟੂੰ ਟਾਂ ਟੂੰ ਟਾਂ

ਬਾਜਾ ਹੋਕਾ ਦੇਂਦਾ:
ਆ ਗਿਆ ਬਾਬਾ ਵੈਦ ਰੋਗੀਆਂ ਦਾ



ਹਰਿਭਜਨ ਸਿੰਘ ਦੀ ਵਿਰਾਸਤ ਮਦਨ ਗੋਪਾਲ ਸਿੰਘ. ਚਿਤ੍ਰਕਾਰ: ਲੀਲਾ ਮੁਖਰਜੀ, 1980

ਬਾਜਾ ਬਿਰਲਾਪ ਕਰੇਂਦਾ:
ਮੇਰਾ ਬਚਪਨ ਕਦ ਆਵੇਗਾ?
ਬਹੁੜੇਗਾ ਕਦ ਵੈਦ ਜੁ ਭੋਲ਼ਾ
ਕਮ ਨਾ ਹੋਂਦੀ ਕਰਕ ਕਲ਼ੇਜੇ
ਕਿੱਥੇ ਕੀਹਨੇ ਡਿੱਠਾ
ਜੋਗੀਆਂ ਦਾ ਉਹ ਜੋਗੀਆ

ਕੋਈ ਸੁਰ ਨਾ ਅੰਤਿਮ
ਉਡੀਕ ਨਾ ਲੱਥੇ
ਵਿਰਸੇ ਵਿਚ ਛਡ ਜਾਣਾ ਬਾਜਾ
ਇਸ ਬਾਲਕ ਨੇ ਅਪਣੇ ਬਾਲਕ ਖ਼ਾਤਿਰ
ਇਹ ਖਿਡੌਣਾ ਮਨ ਰਿਝੌਣਾ ਦੁੱਖਦੇਵਾ ਸੁੱਖਦੇਵਾ

ਟੂੰ ਟਾਂ ਟੂੰ ਟਾਂ ਟੂੰ ਟਾਂ



## ਸੰਨ 1932 ਦੇ ਕਿਸੇ ਸੁਹਣੇ ਦਿਨ ਨਕੋਦਰ ਦੇ ਸਦਰ ਬਾਜ਼ਾਰ ਵਿਚ ਫ਼ੋਟੋ ਖਿੱਚ ਹੋਣ ਲੱਗੀ ਹੈ

ਬਣ-ਠਣ ਕੇ ਆਈਆਂ ਮਾਵਾਂ ਧੀਆਂ
ਫ਼ੋਟੋ ਖਿਚਵਾਵਣ ਨੂੰ
ਵਿੰਙਾ ਚੀਰ, ਫਾਂਟਾਂ ਵਾਲ਼ਾ ਝੱਗਾ, ਤਿੱਲੇ ਵਾਲ਼ੀ ਜੁੱਤੀ

ਬੈਠੀਆਂ ਤਿੰਨ-ਪਾਏ ਜਨੌਰ ਦੇ ਅੱਗੇ
ਕੀ ਨਾਮ ਹੈ ਇਸਦਾ
ਮੂੰਹ ਨਾ ਦਿਸਦਾ

ਕਰਦਾ ਕੀ ਹੈ ਫ਼ੋਟੋ ਵਾਲ਼ਾ
ਸਿਰ 'ਤੇ ਲੈ ਕੇ ਕਾਲ਼ਾ ਕੱਪੜਾ
ਮਾਰ ਕੇ ਝੁੰਗਲ਼ਮਾਟਾ
ਪਿੱਛੇ ਲੁਕ-ਲੁਕ ਕੀ ਤੱਕਦਾ ਹੈ -

ਸ਼ੀਸ਼ੇ ਦੀ ਕੰਧ 'ਤੇ ਪੈਂਦਾ ਲੋਅ ਦਾ ਪਰਛਾਵਾਂ
ਪਰਛਾਵੇਂ ਦਾ ਉਲ਼ਟਾ ਪਰਛਾਵਾਂ
ਤਿੱਲੇ ਵਾਲ਼ੀ ਜੁੱਤੀ, ਫਾਂਟਾਂ ਵਾਲ਼ਾ ਝੱਗਾ, ਵਿੰਙਾ ਚੀਰ

ਲਾਹ ਕੇ ਢੱਕਣ ਸ਼ੀਸ਼ੇ ਦੀ ਅੱਖ ਤੋਂ
ਫ਼ੋਟੋ ਵਾਲ਼ਾ ਬੋਲੇ ਨਾਲ਼ ਘੈਂਟੀ ਖੜਕਾਵੇ
ਧਿਆਨ ਦੁਆਵੇ -
ਮੁਸਕਾਓ ਮੁਸਕਾਓ
ਹਿੱਲਣਾ ਨਾਹੀਂ          ਹਿੱਲਣਾ ਨਾਹੀਂ          ਨਾਹੀਂ ਹਿੱਲਣਾ

ਇੰਜ ਉਸ ਨਾ-ਹਿੱਲੇ ਵੇਲੇ ਦੀ ਤਸਵੀਰ ਉਤਾਰੀ ਸ਼ੀਸ਼ੇ ਉੱਤੇ
ਫਿਰ ਸ਼ੀਸ਼ੇ ਤੋਂ ਕਾਗ਼ਜ਼ ਉੱਤੇ

ਕਿੱਥੇ ਨੇ ਹੁਣ
ਉਹ ਫ਼ੋਟੋ ਵਾਲ਼ਾ ਭਾਈ  ਪਿਤਾ ਜੁ ਮੇਰਾ
ਉਹ ਮਾਵਾਂ ਧੀਆਂ
          ਨਿਤ ਉਨ੍ਹਾਂ ਦਾ ਖੱਪਾ ਭਰਦੀ ਇਹ ਤਸਵੀਰ
ਜਿਸ ਕਦੇ ਵੀ ਭਰਨਾ ਨਹੀਂ ਹੈ



# ਕੂਚਾ ਕੋੜਿਆਂਵਾਲ਼ਾ ਅੰਮ੍ਰਿਤਸਰ ੧੯੧੯

ਵਰਤੇ ਸਾਕੇ ਦਾ ਕੋਈ ਸਦੀ ਮਹੀਨਾ ਸਾਲ ਨਹੀਂ ਹੁੰਦਾ
ਉਹ ਹੁੰਦਾ ਰਹਿੰਦਾ ਦਿਲ ਨੂੰ ਲਾਵਣ ਵਾਲ਼ੇ ਦਾ ਕੋਈ ਹਾਲ ਨਹੀਂ ਹੁੰਦਾ

ਗਲ਼ੀ ਗ਼ੁਲਾਮੀ ਵਿਚ ਰੀਂਗ ਰਿਹਾ ਇਹ ਕੌਣ ਹੈ ਗੁਰਮੁਖ
ਬਾਪ ਤਿਰਾ ਹੈ, ਬਾਪ ਦਾ ਬਾਪ, ਜਾਂ ਤੂੰ ਆਪ?
ਜਾਂ ਰਿਸ਼ਤੇ ਵਿਚ ਕੋਈ ਹੈ ਲਗਦਾ
ਜੋ ਜੱਲ੍ਹਿਆਂ ਦੀ ਦੂਈ ਸਦੀ ਵਿਚ
ਇਸ ਤਸਵੀਰ ਨੂੰ ਦੇਖੇਗਾ ਹਿਰਖੇਗਾ ਫਿਰ ਸੋਚੇਗਾ –
ਆਜ਼ਾਦੀ ਦੀ ਦੰਡਵਤ ਵੰਦਨਾ ਇੰਜ ਵੀ ਹੁੰਦੀ!

ਸਮੇਂ ਦਾ ਕੌਤਕ – ਵੇਲਾ ਬਦਲੇ     ਤਸਵੀਰ ਬਦਲਦੀ

ਕੱਲ੍ਹ ਜੋ ਬੰਦਾ ਗਲ਼ੀ ਗ਼ੁਲਾਮੀ ਵਿਚ ਰੀਂਗ ਰਿਹਾ ਸੀ
ਹੁਣ ਖਲੋਤਾ ਹਿੱਕ ਤਾਣ ਕੇ
ਦੇਖ ਤੇਰੀ ਵਲ ਦੇਖ ਰਿਹਾ ਹੈ
ਅਤੇ ਫ਼ਰੰਗੀ ਉਸ ਦੇ ਪੈਰਾਂ ਵਿਚ ਤਾਰੀਖ਼ ਦੀ ਮਿੱਟੀ ਚੱਟਦੇ ਰੀਂਗ ਰਹੇ ਹਨ

ਖੜ੍ਹਾ ਸਾਕਸ਼ੀ ਕੂਕਰ*   ਚੁਪਚੁਪੀਤਾ ਬਿਟ-ਬਿਟ ਤੱਕਦਾ

* ਫ਼ੋਟੋ ਵਿਚ ਰੀਂਗਦੇ ਜਣੇ ਦੇ ਪਿਛਾੜੀ ਬੈਠਾ ਕੂਕਰ ਵੀ ਨਜ਼ਰ ਆਉਂਦਾ ਹੈ




ਅਮਰਜੀਤ ਚੰਦਨ, 2020

# ਨਿਬੰਧ

# ਗਿਆਨੋ




ਸੰਨ 1913 ਦੀ ਇਹ ਤਸਵੀਰ ਅਖ਼ਬਾਰ ਵਿਚ ਛਪੀ ਤਸਵੀਰ ਦੀ ਨਕਲ ਹੈ। ਕੁੜੀ ਦੇਖਣ ਨੂੰ ਮੇਮ ਲਗਦੀ ਹੈ। ਉਦੋਂ ਪੰਜਾਬਣਾਂ ਇਹਦੇ ਵਰਗੇ ਕਪੜੇ ਨਹੀਂ ਪਾਉਂਦੀਆਂ ਸਨ। ਕੁੜੀ ਦੇ ਖੱਬੇ ਹੱਥ ਪਏ ਫੱਟੇ ਉੱਤੇ ਲਾਏ ਕਾਗ਼ਜ਼ 'ਤੇ ਅੰਗਰੇਜ਼ੀ ਵਿਚ ਵੱਡੇ ਅੱਖਰਾਂ ਵਿਚ ਸਫ਼ਰਾਜੈੱਟ ਤੇ ਰੈਵੋਲੀਉਸ਼ਨ ਛਪਿਆ ਹੋਇਆ ਹੈ। ਸਫ਼ਰਾਜੈੱਟ ਇੰਗਲੈਂਡ ਵਿਚ ਵੀਹਵੀਂ ਸਦੀ ਦੇ ਸ਼ੁਰੂ ਵਿਚ ਚੱਲੀ ਔਰਤਾਂ ਦੀ ਆਜ਼ਾਦੀ ਦੀ ਲਹਿਰ ਦਾ ਨਾਂ ਸੀ ਤੇ ਇਨਕਲਾਬ ਇਹਦਾ ਟੀਚਾ। ਇਸੇ ਲਹਿਰ ਨੇ ਦੁਨੀਆ-ਭਰ ਦੀਆਂ ਔਰਤਾਂ ਨੂੰ ਵੋਟ ਦੇਣ ਦਾ ਹੱਕ਼ ਲੈ ਕੇ ਦਿੱਤਾ ਸੀ।

ਇਹ ਤਸਵੀਰ ਕਾਰਡ 'ਤੇ ਛਪੀ ਲੰਦਨ ਸ਼ਹਿਰ ਦੇ ਅਜਾਇਬਘਰ ਵਿਚ ਵਿਕਦੀ ਹੈ। ਬਾਤਸਵੀਰ ਕਾਰਡ ਮਿਤ੍ਰ-ਪਿਆਰਿਆਂ ਨੂੰ ਸੁੱਖਸਾਂਦ ਦੇ ਚਾਰ ਅੱਖਰ ਪਾਉਣ ਲਈ ਵਰਤੀਦਾ ਹੈ। ਮੈਂ ਇਹ ਕਾਰਡ ਅਪਣੇ ਪੰਜਾਬੀ ਮਿਤ੍ਰਾਂ ਨੂੰ ਇਹ ਲਿਖ ਕੇ ਭੇਜਦਾ ਹੁੰਦਾ ਹਾਂ - ਵੇਖਣਾ ਇਹ ਤਸਵੀਰ ਕਿਸਦੀ ਹੈ? - ਮਿਤਰ ਇਹ ਤਸਵੀਰ ਦੇਖਦੇ ਹੋਣਗੇ ਤੇ ਜਦ ਦੂਜੇ ਪਾਸੇ ਕੁੜੀ ਦਾ ਅੰਗਰੇਜ਼ੀ ਵਿਚ ਛਪਿਆ ਨਾਂ ਪੜ੍ਹਦੇ ਹੋਣਗੇ, ਤਾਂ ਉਨ੍ਹਾਂ 'ਤੇ ਕੀ ਬੀਤਦੀ ਹੋਵੇਗੀ? - ਪ੍ਰਿੰਸੈੱਸ ਸੋਫ਼ੀਆ ਦਲੀਪ ਸਿੰਘ ਸੈਲਿੰਗ ਦ' ਸਫ਼ਰਾਜੈੱਟ ਆਊਟਸਾਈਡ ਹੈਂਪਟਨ ਕੋਰਟ ਪੈਲੇਸ, 1913.

ਹਾਂ, ਪੰਜਾਬ ਦੇ ਬਾਦਸ਼ਾਹ ਰਣਜੀਤ ਸਿੰਘ ਦੀ ਪੋਤੀ ਅਖ਼ਬਾਰ ਵੇਚ ਰਹੀ ਹੈ; ਗੁਜ਼ਰ ਲਈ ਨਹੀਂ; ਪ੍ਰਚਾਰ ਲਈ। ਅਖ਼ਬਾਰ ਵੀ ਜੁਗਗਰਦੀ ਦਾ। ਯੂਨਾਨੀ ਲਫ਼ਜ਼ ਸੋਫ਼ੀ ਦਾ ਮਤਲਬ ਹੈ - ਗਿਆਨ, ਅਕਲ। ਮੈਂ ਸੋਫ਼ੀ ਦਾ ਨਾਂ ਪਾਇਆ ਹੈ - ਗਿਆਨ ਕੌਰ। ਗਿਆਨੋ।

ਗਿਆਨੋ ਨੂੰ ਕੀ ਪਤਾ ਸੀ ਕਿ ਉਹਦੇ ਹਿੰਦੀ ਭਰਾ ਅਮਰੀਕਾ ਦੇ ਪੱਛਮੀ ਸਾਹਿਲ 'ਤੇ ਬੈਠੇ ਭਾਰਤ ਮਾਂ ਦੇ ਬੰਧਨ ਕੱਟਣ ਦੀਆਂ ਤਿਆਰੀਆਂ ਕਰ ਰਹੇ ਹਨ? ਉਨ੍ਹਾਂ ਦੇ ਨਾਲ਼-ਦੀ ਕੋਈ ਗੁਲਾਬ ਕੌਰ ਨਾਂ ਦੀ ਬੀਬੀ ਵੀ ਹੈ। ਉਹ ਗ਼ਦਰ ਨਾਂ ਦਾ ਅਖ਼ਬਾਰ ਕੱਢਦੇ ਹਨ, ਜਿਹਦੇ ਅਖ਼ੀਰ ਵਿਚ ਲਿਖਿਆ ਹੁੰਦਾ ਹੈ - ਏਹ ਕਾਗਦ ਨਹੀਂ, ਏਹ ਲੜਾਈ ਦਾ ਝੰਡਾ ਹੈ। - ਪੰਜਾਬ ਦੇ ਬਾਦਸ਼ਾਹ ਰਣਜੀਤ ਸਿੰਘ ਦੀ ਪੋਤੀ ਫ਼ਰੰਗੀਆਂ ਦੇ ਮੁਲਕ ਵਿਚ ਇਨਕਲਾਬ ਦੀ ਲੜਾਈ ਦਾ ਝੰਡਾ ਚੁੱਕੀ ਖੜ੍ਹੀ ਹੈ, ਜਿਨ੍ਹਾਂ ਨੇ ਪੂਰੀ ਇਕ ਸਦੀ ਪੰਜਾਬ ਦੀ ਇਜ਼ਤ ਰੋਲਣੀ ਹੈ।

ਇਹ ਤਸਵੀਰ ਪੰਜਾਬੀ ਹੋਣ ਦੀ ਕਸੌਟੀ ਹੈ। ਇਹਨੂੰ ਵੇਂਹਦਿਆਂ ਜਿਹਦੇ ਦਿਲ ਨੂੰ ਕੁਝ ਨਹੀਂ ਹੁੰਦਾ, ਜਿਹਦਾ ਸਿਰ ਉੱਚਾ ਨਹੀਂ ਹੁੰਦਾ, ਉਹ ਅਪਣੇ ਪੰਜਾਬ ਦਾ ਨਹੀਂ। ਮੈਂ ਇਹ ਤਸਵੀਰ ਕਿਸੇ ਨੂੰ ਦਿਖਾਈ, ਤਾਂ ਉਹ ਭੁੱਬੀਂ ਰੋਣ ਲਗ ਪਿਆ। ਉਹ ਕਿਉਂ ਰੋਇਆ ਸੀ? ਇਹਨੂੰ ਦੇਖਣ ਵਾਲ਼ਿਆਂ ਦੀਆਂ ਅੱਖਾਂ ਕਿਉਂ ਭਰ ਆਉਂਦੀਆਂ ਹਨ? ਵੱਡੇ ਬੰਦਿਆਂ ਦੇ ਤੁਰ ਜਾਣ ਨਾਲ਼ ਪਏ ਖੱਪੇ ਦੀ ਗੱਲ ਐਵੇਂ ਨਹੀਂ ਬਣੀ ਹੋਈ। ਇਹ ਤਸਵੀਰ ਪੰਜਾਬ ਦੇ ਬੜੇ ਵੱਡੇ ਖੱਪੇ ਦੀ ਤਸਵੀਰ ਹੈ। ਸੱਖਣ ਬੰਦੇ ਨੂੰ ਬਿਹਬਲ ਕਰਦੀ ਹੈ। ਅੱਖਾਂ ਅੱਗੇ ਇਕਦਮ ਆ ਗਈ ਸੱਖਣ ਨਾਲ਼ ਪੈਰ ਉੱਖੜ ਜਾਂਦੇ ਹਨ। ਬੇਬਸੀ ਵਿਚ ਅੱਖਾਂ ਭਰ ਆਉਂਦੀਆਂ ਹਨ। ਲੰਦਨ ਦੇ ਅਜਾਇਬਘਰਾਂ ਵਿਚ ਪਏ ਕੋਹਿਨੂਰ ਹੀਰੇ ਤੇ ਰਣਜੀਤ ਸਿੰਘ ਦਾ ਤਖ਼ਤ ਵੇਖ ਕੇ ਹਰ ਪੰਜਾਬੀ ਕੀ ਸੋਚਦਾ ਹੋਵੇਗਾ, ਇਹਦਾ ਅੰਦਾਜ਼ਾ ਲਾਉਣਾ ਔਖਾ ਨਹੀਂ।

ਇਹ ਤਸਵੀਰ ਕਿਸੇ ਨੇ ਇਸਤਰੀ ਲਹਿਰ ਦੀ ਖੋਜ ਕਰਦਿਆਂ ਕੁਝ ਸਾਲ ਪਹਿਲਾਂ ਲੱਭੀ ਸੀ। ਉਹਨੂੰ ਏਨਾ ਹੀ ਪਤਾ ਲੱਗਾ ਕਿ ਗਿਆਨੋ ਦਾ ਵਿਆਹ ਨਹੀਂ ਸੀ ਹੋਇਆ। ਇਹ ਸੰਨ 1948 ਚ ਪੂਰੀ ਹੋਈ। ਕੋਈ ਨਹੀਂ ਜਾਣਦਾ, ਇਹ ਇਨਕਲਾਬਣ ਕਿਉਂ ਬਣੀ ਸੀ? ਕੀ ਇਹਨੂੰ ਪਤਾ ਸੀ ਕਿ ਇਹਦਾ ਦਾਦਾ ਔਰਤ ਨੂੰ ਕੀ ਸਮਝਦਾ ਸੀ? ਜਿਸ ਧਰਮ ਦਾ ਉਹ ਪੈਰੋਕਾਰ ਸੀ, ਉਸ ਧਰਮ ਵਿਚ ਔਰਤ ਦਾ ਕੀ ਰੁਤਬਾ ਹੈ? ਇਹ ਤਸਵੀਰ ਤਰਸ ਜਗਾਉਂਦੀ ਹੈ, ਖ਼ਾਲਸਾ ਰਾਜ ਦੇ ਖੁੱਸ ਜਾਣ ਤੇ ਦਲੀਪ ਸਿੰਘ ਦੇ ਕੱਖਾਂ ਤੋਂ ਵੀ ਹੌਲ਼ੇ ਹੋ ਜਾਣ ਦਾ ਦੁਖਾਂਤ।

ਇਹ ਤਸਵੀਰ ਭਗਤ ਸਿੰਘ ਦੀ ਟੋਪ ਵਾਲ਼ੀ ਤਸਵੀਰ ਵਾਂਙ ਪੰਜਾਬ ਵਿਚ ਥਾਂ-ਪਰ-ਥਾਂ ਹੋ ਸਕਦੀ ਸੀ। ਕੀ ਗੱਲ ਹੋ ਗਈ ਕਿ ਇਸ ਸਦੀ ਵਿਚ ਪੰਜਾਬ ਦੀ ਕੋਈ ਇਕ ਵੀ ਸਿਰਕਢ ਕੌਮੀ ਲੀਡਰ ਨਹੀਂ ਉਭਰੀ?

ਗਿਆਨੋ ਸਾਰੀਆਂ ਪੰਜਾਬਣਾਂ ਦੀ ਮੋਹਰੀ ਹੈ। ਉਨ੍ਹਾਂ ਦੀ ਆਜ਼ਾਦੀ ਦੀ ਲਹਿਰ ਦੀ ਮੁਹਰੈਲ। ਪਰ ਇਹਦੀ ਕੋਈ ਮਿਥ ਨਹੀਂ ਬਣੀ; ਕਹਾਣੀ ਨਹੀਂ ਬਣੀ; ਇਹਨੂੰ ਕੋਈ ਨਹੀਂ ਜਾਣਦਾ। ਪੂਰਨ ਸਿੰਘ ਨੂੰ ਜੇ ਇਹਦਾ ਪਤਾ ਹੁੰਦਾ, ਤਾਂ ਓਨ ਗਿਆਨੋ ਦੇ ਨਾਂ ਕਵਿਤਾ ਜ਼ਰੂਰ ਲਿਖਣੀ ਸੀ। ਪੰਜਾਬ ਦੀ ਧੀ ਗਿਆਨੋ ਪੰਜਾਬੀਆਂ ਦੀ ਜਗਤ-ਭੈਣ ਹੈ। ਇਸ ਸਦੀ ਦੇ ਅਖ਼ੀਰਲੇ ਸਾਲ ਹਰ ਪੰਜਾਬੀ ਭਰਾ ਦੇ ਗੁੱਟ 'ਤੇ ਗਿਆਨੋ ਨੇ ਰੱਖੜੀ ਬੰਨ੍ਹਣੀ ਹੈ।

ਉਨੀ ਸੌ ਸੱਠਾਂ ਚ ਇੰਗਲੈਂਡ ਚ ਕਮਾਈਆਂ ਕਰਨ ਆਏ ਪੰਜਾਬੀਆਂ ਦੀਆਂ ਤਸਵੀਰਾਂ ਕਿਸੇ ਨੇ ਇਕੱਠੀਆਂ ਕੀਤੀਆਂ ਹਨ। ਇਹ ਲੋਕ ਰਾਜ਼ੀਖ਼ੁਸ਼ੀ ਪਹੁੰਚੇ ਹੋਣ ਤੇ ਸੁਖਸਾਂਦ ਦੀ ਖ਼ਬਰ ਵਜੋਂ ਅਪਣੇ ਘਰੀਂ ਘੱਲਦੇ ਹੁੰਦੇ ਸਨ। ਜ਼ਿਆਦਾ ਤਸਵੀਰਾਂ ਮਰਦਾਂ ਦੀਆਂ ਹਨ। ਨਵਾਂ-ਨਵਾਂ ਮੂੰਹ ਸਿਰ ਸਫ਼ਾਚੱਟ ਕਰਵਾ ਕੇ ਕੋਈ ਬੈਟਰੀ ਨਾਲ਼ ਚਲਣ ਵਾਲ਼ਾ ਰੇਡੀਉ ਲਈ ਬੈਠਾ ਹੈ; ਕੋਈ ਪੌਂਡ ਦਾ ਨੋਟ ਦਿਖਾ ਰਿਹਾ ਹੈ। ਗਿਆਨੋ ਨੇ ਵੀ ਬੜੇ ਸਾਲ ਪਹਿਲਾਂ ਇਹ ਫ਼ੋਟੋ ਖਿਚਵਾਈ ਸੀ; ਅਪਣੇ ਘਰ ਪੰਜਾਬ ਘੱਲਣ ਲਈ, ਅਪਣੇ ਟੱਬਰ ਦੇ ਦੇਖਣ ਲਈ। ਟੱਬਰ ਬਹੁਤ ਵੱਡਾ ਹੈ – ਕੁਲ ਪੰਜਾਬੀ ਇਸ ਟੱਬਰ ਦੇ ਜੀਅ ਹਨ। ਗਿਆਨੋ ਕਹਿੰਦੀ ਹੈ: ਦੇਖੋ, ਮੇਰੇ ਹੱਥ ਚ ਕੀ ਹੈ। – ਪਰ ਇਹ ਤਸਵੀਰ ਰਾਹ ਵਿਚ ਕਿਤੇ ਗੁਆਚ ਗਈ, ਚਿੱਠੀ ਵਾਂਙ; ਜੋ ਹੁਣ ਕਿਤੇ ਜਾ ਕੇ ਲੱਭੀ ਹੈ। ਇਹ ਚਿੱਠੀ ਲਿਖਣ ਵਾਲ਼ੀ ਅੱਜ ਏਸ ਜਹਾਨ ਵਿਚ ਨਹੀਂ; ਪਰ ਉਹਨੇ ਜਿਨ੍ਹਾਂ ਨੂੰ ਇਹ ਚਿੱਠੀ ਪਾਈ ਸੀ, ਉਹ ਹਮੇਸ਼ਾਂ ਮੌਜੂਦ ਰਹਿਣਗੇ।

ਹੋ ਸਕਦੈ, ਇਸ ਮੌਕੇ ਦੀ ਕਿਸੇ ਨੇ ਫ਼ਿਲਮ ਵੀ ਬਣਾਈ ਹੋਵੇ। ਉਹਦੇ ਚ ਗਿਆਨੋ ਕਿਹੋ ਜਿਹੀ ਲਗਦੀ ਹੋਵੇਗੀ – ਤੁਰਦੀ ਜਾਂਦੀ ਵੀ ਨੱਸਦੀ ਜਾਂਦੀ ਲਗਦੀ ਹੈ। ਇਹਦੇ ਪੈਰਾਂ ਵਿਚ ਤਵਾਰੀਖ਼ ਦਾ ਕੋਈ ਚਕ੍ਰ ਹੈ। ਦੇਰ ਨਹੀਂ ਹੋ ਸਕਦੀ। ਵੇਲਾ ਖੁੰਝ ਰਿਹਾ ਹੈ। – ਉਸ ਵੇਲੇ ਦੀਆਂ ਨੀਊਜ਼ਰੀਲਾਂ ਵਿਚ ਕਲੋਜ਼ਅੱਪ ਬੜੇ ਘਟ ਹੁੰਦੇ ਹਨ। ਜ਼ੋਰ ਜ਼ਾਤ 'ਤੇ ਨਹੀਂ, ਖ਼ਲਕਤ 'ਤੇ ਹੁੰਦਾ ਹੈ। ਗਿਆਨੋ ਫ਼ਿਲਮ ਵਿਚ ਰਾਜੇ ਦੀ ਧੀ ਨਹੀਂ, ਲੋਕਾਈ ਦਾ ਨਿੱਕਾ-ਜਿਹਾ ਅੰਗ ਹੈ; ਤੇਰੇ ਮੇਰੇ ਵਰਗੀ, ਪਰ ਸਭ ਤੋਂ ਨਿਆਰੀ।

ਕੋਈ ਵੀ ਕੀਤਾ ਕੰਮ ਅਣਕੀਤਾ ਨਹੀਂ ਹੋ ਸਕਦਾ। ਇਹ ਸਦਾ ਲਈ ਦਰਜ ਹੋ ਜਾਂਦਾ ਹੈ। ਇਹ ਹੋਇਆ-ਪਿਆ ਸਦਾ ਮੌਜੂਦ ਰਹਿੰਦਾ ਹੈ। ਇਹ ਹਵਾ ਵਿਚ ਗੰਧ ਵਾਂਙ ਸਮਾਇਆ ਹੁੰਦਾ ਹੈ – ਕਰਮ ਤੇ ਕੁਕਰਮ ਦੀ ਗੰਧ ਨਾਲ਼। ਬਣੀ ਤਸਵੀਰ ਵੀ ਕੰਮਾਂ ਵਰਗਾ ਕੰਮ ਹੁੰਦਾ ਹੈ। ਕਿਤੇ ਲਿਖਿਆ ਵਿਖਾਣ ਦੀ ਮੰਗ ਬੰਦਾ ਆਮ ਹੀ ਕਰਦਾ ਹੈ। ਤਸਵੀਰ ਲਿਖੀ ਹੋਣ ਕਰਕੇ ਪੱਕੀ ਗਵਾਹੀ ਹੁੰਦੀ ਹੈ – ਸਦੀਵੀ ਹੁਣ-ਖਿਣ ਦੀ, ਹੋਣ ਤੇ ਨਾ ਹੋਣ ਦੀ। ਤਸਵੀਰ ਵਿਚਲਾ ਇਨਸਾਨ ਅਮਰ ਹੁੰਦਾ ਹੈ; ਉਹ ਹੁੰਦਾ ਰਹਿੰਦਾ ਹੈ, ਉਹ ਹੋਵੇਗਾ ਨਹੀਂ ਹੁੰਦਾ। ਤਸਵੀਰ ਬੇਅਕਸੀ ਨਹੀਂ ਹੁੰਦੀ, ਭਾਵੇਂ ਸਿਮਰਤੀ ਵਾਂਙ ਮਨ ਵਿਚ ਹੀ ਪਈ ਹੋਵੇ। ਇਹ

ਮਨ 'ਤੇ ਪਏ ਅਕਸ ਦਾ ਅਕਸ ਹੁੰਦੀ ਹੈ। ਇਹ ਪਹਿਲੀ ਵੇਰ ਇਨਬਿੰਨ ਦਾ ਹੁੰਦਾ ਹੈ। ਉਸ ਤੋਂ ਮਗਰੋਂ ਇਹਦੇ ਭਾਵ ਬਦਲਣੇ ਸ਼ੁਰੂ ਹੋ ਜਾਂਦੇ ਹਨ। ਤਸਵੀਰ ਵਿਚ ਕਮਾਇਆ ਕਰਮ ਹੋਵੇ, ਤਾਂ ਹੀ ਗੱਲ ਬਣਦੀ ਹੈ। ਇਸ ਕਰਮ ਨੂੰ ਜਾਦੂਹਾਰ ਪਲ ਵੀ ਆਖ ਲਈਦਾ ਹੈ। ਇਸ ਤਸਵੀਰ ਵਿਚ ਗਿਆਨੋ ਔਰਤ ਹੁੰਦਿਆਂ ਔਰਤ ਦੀ ਆਜ਼ਾਦੀ ਦੇ ਹਿਤ ਵਾਸਤੇ ਕਰਮ ਕਮਾ ਰਹੀ ਹੈ। ਇਹਦੇ ਸਾਰੇ ਹਵਾਲੇ ਤਵਾਰੀਖ਼ੀ ਹਨ। ਇਸ ਲਈ ਇਹ ਪੰਜਾਬ ਦੀ ਤਵਾਰੀਖ਼ੀ ਕੌਮੀ ਤਸਵੀਰ ਹੈ।

ਜੌਨ੍ਹ ਬਰਜਰ ਦੇ ਨਾਵਲ ਕਿੰਗ (1999) ਚ ਕੋਈ ਆਖਦਾ ਹੈ ਕਿ ਮਰਦ ਦੀਆਂ ਲੱਤਾਂ ਕਿਤੇ ਪਹੁੰਚਣ (ਅਰਾਈਵਲ) ਲਈ ਹੁੰਦੀਆਂ ਹਨ। ਇਹ ਪਹੁੰਚ ਦੀ ਝੰਜੋਟ ਨੂੰ ਜੀਰ ਲੈਣ ਲਈ ਹੁੰਦੀਆਂ ਹਨ। ਮਰਦ ਦੀਆਂ ਲੱਤਾਂ ਆਖਦੀਆਂ ਹਨ – ਅਸੀਂ ਪਹੁੰਚ ਗਈਆਂ, ਦੋਹਵੇਂ ਇਕੱਠੀਆਂ। ਔਰਤ ਦੀਆਂ ਲੱਤਾਂ ਕੋਈ ਥਾਂ ਛੱਡ ਕੇ ਜਾਣ (ਲੀਵਿੰਗ) ਲਈ ਹੁੰਦੀਆਂ ਹਨ। ਹਮੇਸ਼ਾਂ ਤੁਰਦੀਆਂ ਰਹਿੰਦੀਆਂ ਹਨ। – ਤੂੰ ਆ ਗਿਉਂ, ਤੇ ਹੁਣ ਆਪਾਂ ਕਿਥੇ ਜਾਵਾਂਗੇ? – ਗਿਆਨੋ ਦੀਆਂ ਲੱਤਾਂ ਬਿਖੜੇ ਰਸਤੇ ਦੀਆਂ ਪਾਂਧੀ ਹਨ, ਜਿਹੜਾ ਪ੍ਰੇਮ ਸੁਮਾਰਗ ਨਾਲ਼ ਜਾ ਰਲ਼ਦਾ ਹੈ। ਬਰਾਬਰੀ, ਭਰੱਪਣ ਤੇ ਸ਼ਾਂਤੀ ਦਾ ਮਾਰਗ ਅੰਤਹੀਨ ਹੈ। ਗਿਆਨੋ ਸਾਡੀ ਹਮਸਫ਼ਰ ਹੈ।

ਗਿਆਨੋ ਨੂੰ ਦੇਖ ਕੇ ਮੈਨੂੰ ਅਪਣੇ ਨਗਰ ਨਕੋਦਰ ਦੀ ਕਮਿਉਨਿਸਟ ਬੀਬੀ ਤੇਜਵੰਤੀ ਧੀਰ ਯਾਦ ਆ ਜਾਂਦੀ ਹੈ ਤੇ ਦੋਸਤ ਕੇਵਲ ਕੌਰ ਤੇ ਮਧੂ ਕਿਸ਼ਵਰ। ਗਿਆਨੋ ਦੀ ਡੀਲਡੌਲ ਇਨ੍ਹਾਂ ਨਾਲ਼ ਕਿੰਨੀ ਰਲ਼ਦੀ ਹੈ। ਇਕ ਗੱਲ ਹੋਰ – ਗਿਆਨੋ ਜਿਥੇ ਖੜ੍ਹੀ ਹੈ, ਉਹ ਥਾਂ ਮੇਰੀ ਦੇਖੀ ਹੋਈ ਹੈ; ਇਕੱਲਿਆਂ ਵੀ ਤੇ ਆਇਆਂ-ਗਿਆਂ ਨਾਲ਼ ਵੀ। ਮੈਂ ਇਹਦੀਆਂ ਪੈੜਾਂ 'ਤੇ ਪੈਰ ਟਿਕਾ-ਟਿਕਾ ਕੇ ਤੁਰਿਆ ਹਾਂ। ਗਿਆਨੋ ਦੇ ਪਿਛਾੜੀ ਰੁੱਖ ਦੇ ਪੱਤਿਆਂ ਨੂੰ ਮੈਂ ਛੂਹ ਕੇ ਵੇਖਿਆ ਸੀ। ਇਹ ਤਸਵੀਰ ਮੈਨੂੰ ਸੁੱਖ ਦਿੰਦੀ ਹੈ। ਮੇਰਾ ਦਿਲ ਰਖਦੀ ਹੈ ਕਿ ਕੋਈ ਆਖ਼ਿਰ ਨਹੀਂ ਆ ਗਈ। ਵਾਟ ਬੜੀ ਲੰਮੀ ਹੈ। ਉੱਠ। ਤੁਰ।

## ਨੂਮਾ ਫਾਂਸੀਵਾਲ਼ਾ



ਪੰਜਾਬ ਦੀ ਧਰਤੀ 'ਤੇ ਤੀਰਥ ਟਿਮ-ਟਿਮ ਕਰਦੇ ਹਨ - ਨਨਕਾਣਾ, ਅਮ੍ਰਿਤਸਰ, ਆਨੰਦਪੁਰ। ਇਕ ਥਾਂ ਇਸ-ਲੋਕ ਦਾ ਤੀਰਥ ਹੈ - ਜਲੰਧਰ। ਇਸ ਨਗਰ ਥਾਣੀਂ ਲਹੌਰ ਦਿੱਲੀ ਨੂੰ ਜਾਂਦੀ ਜਰਨੈਲੀ ਸੜਕ ਦੇ ਕੰਢੇ ਵੀਹਵੀਂ ਸਦੀ ਦੇ ਪੰਜਾਬੀ ਦੇਸ਼ਭਗਤਾਂ ਦੀ ਬਣੀ ਯਾਦਗਾਰ ਹੈ। ਇਥੇ ਉਨ੍ਹਾਂ ਦੀਆਂ ਤਸਵੀਰਾਂ ਲੱਗੀਆਂ ਹੋਈਆਂ ਹਨ। ਇਨ੍ਹਾਂ ਬਾਰੇ ਪਾਸ਼ ਨੇ ਲਿਖਿਆ ਸੀ:

ਵੱਟੋ-ਵੱਟ ਹੋ ਜਾਂਦੀ ਹੈ ਆਲਮ ਦੀ ਸਿਆਹ ਚਾਦਰ
ਜਦ ਵਿਹੜੇ ਵਿਚ ਕੁੱਕੜ ਦੀ ਬਾਂਗ ਛਣਕ ਉੱਠਦੀ ਹੈ
ਗੀਤ ਆਲ੍ਹਣਿਆਂ ਚੋਂ ਨਿਕਲ਼ ਕੇ ਬਾਹਰ ਆਉਂਦੇ ਹਨ
ਤੇ ਹਵਾ ਵਿਚ ਖੁਰਚ ਦਿੰਦੇ ਹਨ
ਸ਼ਹੀਦਾਂ ਦੇ ਅਮਿੱਟ ਚਿਹਰੇ
ਮਿੱਟੀ ਦਾ ਸਭ ਤੋਂ ਪੁਰਾਣਾ ਸਫ਼ਰ
ਚਾਨਣ ਦੀ ਪਹਿਲੀ ਸ਼ੁਆ ਸੰਗ
ਫੈਲਦੀਆਂ ਹਨ ਇਸ ਕਦਰ ਤਸਵੀਰਾਂ
ਕਿ ਦੇਸ਼ਭਗਤ ਯਾਦਗਾਰ ਦੀ ਮਜਬੂਰ ਵਲਗਣ 'ਤੇ


ਬੇਪਰਵਾਹ ਹੱਸਦਾ ਹੈ ਤਸਵੀਰਾਂ ਦਾ ਆਕਾਰ
ਤੁਸੀਂ ਜਦ ਵੀ ਕਿਸੇ ਨੂੰ ਨਮਸਕਾਰ ਕਰਦੇ ਹੋ
ਜਾਂ ਹੱਥ ਮਿਲਾਉਂਦੇ ਹੋ
ਉਨ੍ਹਾਂ ਦੇ ਬੁੱਲ੍ਹਾਂ ਦੀ ਮੁਸਕਰਾਹਟ ਤੁਹਾਡੀ ਪ੍ਰਕਰਮਾ ਕਰਦੀ ਹੈ
ਤੁਸੀਂ ਜਦ ਕਿਤਾਬਾਂ ਪੜ੍ਹਦੇ ਹੋ
ਤਾਂ ਅੱਖਰਾਂ 'ਤੇ ਫੈਲ ਜਾਂਦੇ ਹਨ ਉਨ੍ਹਾਂ ਦੇ ਅਮਲ...
...ਤੁਹਾਡੇ ਅੰਗਸੰਗ ਤੁਹਾਡੇ ਸ਼ਹੀਦ ਤੁਹਾਥੋਂ ਕੋਈ ਆਸ ਰਖਦੇ ਹਨ

ਇਨ੍ਹਾਂ ਚ ਇਕ ਤਸਵੀਰ ਹਰਨਾਮ ਚੰਦ ਦੀ ਹੈ; ਹੁਸ਼ਿਆਰਪੁਰ ਜ਼ਿਲੇ ਦੇ ਪਿੰਡ ਫ਼ਤਹਗੜ੍ਹ ਦੇ ਹਰਨਾਮ ਚੰਦ ਉਰਫ਼ ਨ੍ਹਾਮੇ ਦੀ। ਇਹ ਵੀਹਵੀਂ ਸਦੀ ਦੇ ਸ਼ੁਰੂ ਵਿਚ ਅਮਰੀਕਾ ਕਮਾਈ ਕਰਨ ਗਿਆ ਦੇਸ਼ਭਗਤਾਂ ਨਾ਼ਲ ਰ਼ਲ ਗਿਆ; ਹਥਿਆਰਾਂ ਨਾ਼ਲ ਭਰੇ ਜਹਾਜ਼ ਚ ਦੇਸ ਪਰਤਦਾ ਫ਼ਰੰਗੀਆਂ ਦੇ ਕਾਬੂ ਆ ਗਿਆ ਤੇ ਉਨ੍ਹਾਂ ਇਹਨੂੰ ਲਹੌਰ ਲੈ ਜਾ ਕੇ 16 ਮਾਰਚ 1917 ਨੂੰ ਫਾਂਸੀ ਦੇ ਦਿੱਤੀ ਸੀ। ਫਾਂਸੀ ਤੋਂ ਦੋ ਮਹੀਨੇ ਪਹਿਲਾਂ ਇਹਨੇ ਅਪਣੇ ਘਰਦਿਆਂ ਨੂੰ ਉਰਦੂ ਚ ਕਾਰਡ ਲਿਖਿਆ ਸੀ:

ਲਹੌਰ ਸੈਂਟਰਲ ਜੇਲ 8.1.17
ਨ੍ਹਾਮਾ ਫਾਂਸੀਵਾਲਾ
ਭਾਈ ਸਾਹਬ ਦੀਵਾਨਚੰਦ ਨਮਸਤੇ ਮੁਝ ਕੋ 5 ਮਾਹ ਹਾਲ ਕੋ ਫਾਂਸੀ ਕਾ ਹੁਕਮ ਹੋ ਗਯਾ ਹੈ- ਆਪ ਕਿਸੀ ਕਿਸਮ ਕਾ ਫ਼ਿਕਰ ਨ ਕਰੇਂ- ਔਰ ਮੇਰੀ ਜ਼ੌਜਾ ਰੁਕਮਣੀ ਕੋ ਵਰਯਾਮਾ ਕੇ ਹਕ਼ ਮੇਂ ਕਰ ਦੇਵੇਂ- ਔਰ ਸਭ ਕੋ ਦਰਜਾ-ਬਦਰਜਾ ਨਮਸਤੇ- ਬੱਚੋਂ ਕੋ ਪਯਾਰ-

ਕਾਰਡ ਦੇ ਦੂਜੇ ਪਾਸੇ ਸਰਨਾਮਾ ਹੈ:

ਬਾਮਕਾਮ ਫ਼ਤਹਗੜ੍ਹ ਡਾਕਖ਼ਾਨਾ ... (ਅੱਖਰ ਉੱਠਦੇ ਨਹੀਂ) ਜ਼ਿਲਾ ਹੁਸ਼ਿਆਰਪੁਰ ਪਾਸ ਦੀਵਾਨ ਚੰਦ


لاہور سنٹرل جیل
8.1.17

ਇਸ ਤਵਾਰੀਖ਼ੀ ਚਿੱਠੀ ਦਾ ਭਾਖਾਸੰਜਮ ਪਰੇਸ਼ਾਨ ਕਰਨ ਵਾਲ਼ਾ ਹੈ। ਕੁੱਲ ਛੇ ਫ਼ਿਕਰੇ। ਕੋਠੀ ਲੱਗੇ ਬੰਦੇ ਨੇ ਪਾਏ ਵੀ ਤਾਂ ਚਾਰ ਅੱਖਰ ਪਾਏ। ਏਨੇ ਹੀ ਬਹੁਤ ਨੇ। ਇਹ ਚਾਰ ਅੱਖਰ ਭਗਤ ਸਿੰਘ ਦੇ ਲਿਖੇ ਹਜ਼ਾਰਾਂ ਅੱਖਰਾਂ ਦੇ ਤੁੱਲ ਹਨ। ਹਰਨਾਮ ਚੰਦ ਨੂੰ ਸ਼ੁਹਰਤ ਦੀ ਕੋਈ ਲਿਲ੍ਹ ਨਹੀਂ ਸੀ। ਇਹਦੇ ਲਿਖੇ ਵਿਚ ਕਿੰਨਾ ਕੁਝ ਅਣਲਿਖਿਆ ਹੈ। ਇਸ ਚਿੱਠੀ ਦੇ ਨਾਲ਼ ਉਹਦੇ ਘਰਦਿਆਂ ਦੇ ਸੀਨੇ ਨਾਲ਼ ਲਾ ਕੇ ਰੱਖੀ ਤਸਵੀਰ ਹੈ। ਇਹ ਤਸਵੀਰ ਤਾਂ ਅਸਲੋਂ ਹੀ ਚੁੱਪ ਹੈ। ਆਓ, ਇਹਦੀਆਂ ਗੱਲਾਂ ਕਰੀਏ।

ਜੌਨ ਬਰਜਰ ਨੇ ਕਿਤੇ ਲਿਖਿਆ ਹੈ: ਵਿਛੁੰਨੇ ਪਿਆਰ ਦੀ ਤਸਵੀਰ ਠੀਕਰੀਆਂ ਜੋੜ-ਜੋੜ ਬਣਾਇਆ ਭਾਂਡਾ ਹੁੰਦੀ ਹੈ।

ਹਰਨਾਮ ਚੰਦ ਦੀ ਇਹ ਥ੍ਰੀਪੀਸ ਸੂਟ ਪਾ ਕੇ ਚੋਪੜੇ ਬੋਦਿਆਂ ਵਾਲ਼ੀ ਖਿਚਵਾਈ ਤਸਵੀਰ ਮੁੱਢੋਂ ਹੀ ਵਿਛੋੜੇ ਦੀ ਸਨਦ ਹੈ; ਦੇਸ ਦੁਆਬਾ ਛੱਡ ਕੇ ਗਏ ਬੰਦੇ ਦੇ ਵਿਛੋੜੇ ਦੀ। ਲੋਕਗੀਤ ਵਿਚ ਸੁਆਣੀ ਕਹਿੰਦੀ ਹੈ - ਸ਼ਾਮਾ 'ਸ਼ਿਆਰਪੁਰ ਸੁਣੀਂਦਾ ਦੂਰ, ਬਛੋੜਾ ਨਾ ਪਾਈਓ...। ਮਿਰਕਣ ਤਾਂ ਹੁਸ਼ਿਆਰਪੁਰੋਂ ਬਹੁਤ ਹੀ ਦੂਰ ਹੈ। ਮੇਰੇ ਅੱਗੇ ਪਈ ਅਸਲ ਤਸਵੀਰ ਦੀ ਸਾਲ-ਕੁ ਪਹਿਲਾਂ ਦੀ ਪੁਰਾਣੀ ਪੈ ਰਹੀ ਨਕਲ ਹੈ। ਜ਼ਖ਼ਮ ਬੜਬੋਲਾ ਸ਼ਬਦ ਹੈ। ਘਰਦਿਆਂ ਕੋਲ਼ ਪਈ ਅਸਲ ਫ਼ੋਟੋ ਦਾ ਕੀ ਹਾਲ ਹੋਵੇਗਾ? ਉਹਨੂੰ ਕਿੰਨੇ ਹੱਥ ਛੂਹ ਚੁੱਕੇ ਹੋਣਗੇ। ਉਹਨੂੰ ਸਭ ਤੋਂ ਪਹਿਲਾਂ ਫ਼ੋਟੋਗਰਾਫ਼ਰ ਦੇ ਹੱਥ ਲੱਗੇ ਹੋਣਗੇ; ਫੇਰ ਹਰਨਾਮ ਚੰਦ ਦੇ; ਫੇਰ...। ਪੁਰਾਣੀ ਤਸਵੀਰ ਦਾ ਰੰਗ - ਕਾਲ਼ਾ ਮੈਲ਼ਾ ਗੁਲਾਬੀ ਜ਼ਰਦ - ਭਰਦੇ ਜ਼ਖ਼ਮ ਦੀ ਚਮੜੀ ਵਾਂਙ ਲਿਸ਼ਕਣ ਲਗਦਾ ਹੈ। ਇਹ ਏਨਾ ਅੱਲਾ ਹੁੰਦਾ ਹੈ ਕਿ ਇਹਨੂੰ ਨਿਰੀ ਤੱਕਣੀ ਨਾਲ਼ ਹੀ ਛੁਹਿਆ ਜਾ ਸਕਦਾ ਹੈ। ਪੀੜ ਭੁੱਲ ਜਾਂਦੀ ਹੈ; ਫੱਟ ਦਾ ਨਿਸ਼ਾਨ ਦੁੱਖ ਦਿੰਦਾ ਰਹਿੰਦਾ ਹੈ। ਫੇਰ ਸੋਚਾਂ ਵਿਚ ਪਿਆ ਚਿੱਬ ਹੀ ਬਾਕੀ ਰਹਿ ਜਾਂਦਾ ਹੈ। ਇਤਿਹਾਸ ਚ ਵਾਪਰੇ ਵੱਡੇ-ਵੱਡੇ ਸਾਕਿਆਂ ਦਾ ਸੇਕ ਘਟਦਾ-ਘਟਦਾ ਇੰਜ ਹੀ ਮੁੱਕ ਜਾਂਦਾ ਹੈ। ਅਪਣੇ ਆਪ ਨੂੰ ਧਰਵਾਸ ਦੇਣ ਲਈ ਅਸੀਂ ਉਨ੍ਹਾਂ ਨੂੰ ਔਖੇ ਵੇਲੇ ਧਿਆਉਂਦੇ ਹਾਂ।

ਵੀਹਵੀਂ ਸਦੀ ਦੇ ਸ਼ੁਰੂ ਦੀ ਕਿਸੇ ਵੀ ਤਸਵੀਰ ਵਿਚ ਕੋਈ ਵੀ ਪੰਜਾਬੀ ਖ਼ੁਸ਼ ਨਜ਼ਰ ਨਹੀਂ ਆਉਂਦਾ; ਭਾਵੇਂ ਫ਼ਰੰਗੀਆਂ ਦਾ ਫ਼ੌਜੀ ਹੋਵੇ ਜਾਂ ਪਰਦੇਸੀਂ ਕਮਾਈ ਕਰਨ ਗਿਆ ਕਾਮਾ - ਨੀਉਯੌਰਕ ਦੇ ਐਲਿਸ ਆਈਲੈਂਡ ਦੇ ਮਾਈਗਰੇਸ਼ਨ ਮੀਉਜ਼ਮ ਵਿਚ ਲੱਗੀ ਤਸਵੀਰ ਵਿਚਲੇ ਬਾਰਾਂ ਸਿੰਘ; ਵੈਨਕੂਵਰ ਦੀ ਵੱਡੀ ਲਾਇਬ੍ਰੇਰੀ ਵਿਚ ਡੱਬੇ ਚ ਬੰਦ ਪਈਆਂ ਤਸਵੀਰਾਂ ਵਿਚਲੇ ਕਾਮਾਗਾਟਾਮਾਰੂ ਜਹਾਜ਼ ਦੇ ਮੁਸਾਫ਼ਿਰ; ਲੰਦਨ ਦੇ ਇੰਪੀਰੀਅਲ ਵਾਰ ਮਿਉਜ਼ੀਅਮ ਦੀ ਲਾਇਬ੍ਰੇਰੀ ਵਿਚ ਸੰਨ 1914 ਵਿਚ ਬੰਬਈ ਵਿਚ ਲਾਮ 'ਤੇ ਚੱਲੇ ਫ਼ੌਜੀਆਂ ਨਾਲ਼ ਭਰੇ ਜਹਾਜ਼ ਦੀ ਤਸਵੀਰ। ਹਰ ਕੋਈ ਚੁੱਪ-ਗੜੁੱਪ ਡੂੰਨਵੱਟਾ ਦਿਸਦਾ ਹੈ; ਪਹੁੰਚਿਆ-ਹੋਇਆ ਫੈਲਸੂਫ, ਜੋ ਆਖਦਾ ਹੈ - ਖ਼ੁਸ਼ ਹੋਣ ਵਾਲ਼ੀ ਕਿਹੜੀ ਗੱਲ ਹੈ? - ਹਰਨਾਮ ਚੰਦ ਨੂੰ ਕਾਹਦਾ ਗ਼ਮ ਹੈ? ਇਹਦੀ ਤਸਵੀਰ ਨੂੰ ਸਾਡੇ ਤਾਈਂ ਅਪੜਦਿਆਂ ਪੂਰੀ ਸਦੀ ਲਗ ਗਈ। ਏਨਾ ਪੰਧ ਕਰ ਕੇ ਆਈ ਇਸ ਮੂਰਤ ਨੇ ਬੜੇ ਰੰਗ ਦੇਖੇ ਹਨ। ਇਸ ਵਿਚ ਉਨ੍ਹੀਵੀਂ ਸਦੀ ਦਾ ਪੰਜਾਬੀ ਬੈਠਾ ਹੈ, ਜਿਵੇਂ ਅੱਜ ਇੱਕੀਵੀਂ ਸਦੀ ਵਿਚ ਵੀ ਆਪਾਂ ਵੀਹਵੀਂ ਸਦੀ ਦੇ ਜੀਅ ਹਾਂ।

ਇਹ ਤਸਵੀਰ ਹਰਨਾਮ ਚੰਦ ਨੇ ਤੁਹਾਡੇ ਤੇ ਮੇਰੇ ਲਈ ਨਹੀਂ ਸੀ ਖਿਚਵਾਈ। ਇਹ ਉਹਦੇ ਘਰ ਦੇ ਜੀਆਂ ਵਾਸਤੇ ਸੀ; ਖ਼ਾਸ ਕਰਕੇ ਰੁਕਮਣੀ ਲਈ। ਲਹੌਰ ਜਾਂ ਵਲਾਇਤ ਪੜ੍ਹਦਿਆਂ ਦੀਆਂ ਇਹੋ-ਜਿਹੀਆਂ ਬੜੀਆਂ ਤਸਵੀਰਾਂ ਅੱਜ ਵੀ ਪੰਜਾਬੀ ਘਰਾਂ ਵਿਚ ਸਾਂਭੀਆਂ ਪਈਆਂ ਹੋਣਗੀਆਂ।

ਤਸਵੀਰਾਂ ਵਿਚ ਵੱਡੇ ਜਣਿਆਂ ਦੀ ਤੱਕਣੀ ਸਦਾ ਦਰਸ਼ਕ ਨੂੰ ਕੁਛ ਪੁੱਛਦੀ ਹੈ; ਕੁਛ ਚੇਤੇ ਕਰਾਂਦੀ ਹੈ। ਤਸਵੀਰ ਵਿਚ ਤਵਾਰੀਖ਼ ਸਾਕਾਰ ਹੁੰਦੀ ਹੈ। ਤੁਸੀਂ ਆਪ ਕਿਸੇ ਵੱਡੇ ਪੰਜਾਬੀ ਦੀ ਤਸਵੀਰ ਨੂੰ ਗਹੁ ਨਾਲ਼ ਦੇਖਣਾ; ਇਹ ਝੱਟ ਤੁਹਾਡੀਆਂ ਅੱਖਾਂ ਚ ਅੱਖਾਂ ਪਾ ਕੇ ਦੇਖਣ ਲਗ ਪਵੇਗੀ। ਪਾਸ਼ ਦੇ ਆਖਣ ਵਾਂਙ ਇਹ ਤਸਵੀਰ ਤੁਹਾਥੋਂ 'ਕੋਈ ਆਸ' ਰਖਦੀ ਹੈ। ਕਾਹਦੀ ਆਸ? ਇਹ ਨਹੀਂ ਕਵੀ ਨੇ ਦੱਸਿਆ। ਇਹੀ ਚੰਗੀ ਕਵਿਤਾ ਦੀ ਜੁਗਤ ਹੈ। ਰਤਾ ਸੋਚੋ। ਪਿਆਰ ਦੀ, ਸਤਿਕਾਰ ਦੀ, ਅਹਿਸਾਨ ਦੀ ਆਸ? ਆਉਣ ਵਾਲ਼ੀ ਹਰ ਪੀੜ੍ਹੀ ਇਨ੍ਹਾਂ ਤਸਵੀਰਾਂ ਅੱਗੇ ਜਵਾਬਦੇਹ ਰਹੇਗੀ। ਇਹ ਵੱਖਰੀ ਗੱਲ ਹੈ ਕਿ ਗ਼ਦਰ ਲਹਿਰ ਦੇ ਕਿਸੇ ਆਗੂ ਦੀ ਤਸਵੀਰ 'ਆਈਕੌਨ' ਨਹੀਂ ਬਣ ਸਕੀ; ਕਰਤਾਰ ਸਿੰਘ ਸਰਾਭੇ ਦੀ ਤਸਵੀਰ ਬਣ ਸਕਦੀ ਸੀ, ਪਰ ਬਾਬਿਆਂ ਨੇ ਆਪ ਹੀ ਰੋਲ਼ ਦਿੱਤੀ। ਜਲੰਧਰ ਚ ਹੁਣ ਹਰ ਸਾਲ ਲਗਦੇ ਬਾਬਿਆਂ ਦੇ ਮੇਲੇ ਦੇ ਇਸ਼ਤਿਹਾਰਾਂ ਵਿਚ ਕਿਸੇ ਗ਼ਦਰੀ ਆਗੂ ਦੀ ਨਹੀਂ, ਭਗਤ ਸਿੰਘ ਦੀ ਕੇਸਰੀ ਪੱਗ ਵਾਲ਼ੀ ਮਨਢੰਗੀ ਤਸਵੀਰ ਛਪੀ ਹੁੰਦੀ ਹੈ। ਸਾਨਫ਼ਰਾਂਸਿਸਕੋ ਦੇ ਗ਼ਦਰ ਪਾਰਟੀ ਦੇ ਯੁਗਾਂਤਰ ਆਸ਼ਰਮ ਵਾਲ਼ੇ ਅਜਾਇਬਘਰ ਵਿਚ ਲੱਗੀਆਂ ਤਸਵੀਰਾਂ ਚ ਸਭ ਤੋਂ ਵੱਡੀ ਤਸਵੀਰ ਭਗਤ ਸਿੰਘ ਦੀ ਹੈ।

ਫ਼ੌਜੀਆਂ ਦੇ ਆਸਰੇ ਫ਼ਰਵਰੀ 1915 ਵਿਚ ਫ਼ਰੰਗੀਆਂ ਖ਼ਿਲਾਫ਼ ਬਗ਼ਾਵਤ ਕਰਨ ਦੀ ਗ਼ਦਰ ਪਾਰਟੀ ਦੀ ਵਿਉਂਤ ਸਿਰੇ ਨਹੀਂ ਸੀ ਚੜ੍ਹੀ। ਗ਼ਦਰੀ ਅਮਰੀਕਾ ਤੇ ਹੋਰ ਮੁਲਕਾਂ ਤੋਂ ਲਲਕਾਰੇ ਮਾਰਦੇ ਹਿੰਦੁਸਤਾਨ ਚੱਲੇ ਸੀ ਕਿ ਅਸੀਂ ਜਾ ਕੇ ਬਗ਼ਾਵਤ ਕਰਨੀ ਹੈ। ਬਹੁਤੇ ਰਾਹ ਚ ਫੜੇ ਗਏ। ਜਿਹੜੇ ਘਰੀਂ ਪੁੱਜੇ, ਉਨ੍ਹਾਂ ਦਾ ਪੁਲਸ ਟੋਡੀਆਂ ਨਾਲ਼ ਵੈਰ ਪੈ ਗਿਆ। ਉਹ ਉਨ੍ਹਾਂ ਨੂੰ ਕਤਲ ਕਰਨ ਲੱਗੇ। ਪੈਸੇ ਵਾਸਤੇ ਡਾਕੇ ਮਾਰਨ ਲੱਗੇ। ਲੋਕਾਂ ਨੂੰ ਪਤਾ ਹੀ ਨਹੀਂ ਸੀ ਕਿ ਉਨ੍ਹਾਂ ਨੂੰ ਆਜ਼ਾਦ ਕਰਵਾਉਣ ਲਈ ਬਹੁਤ ਸਾਰੇ ਬੰਦੇ ਅਮਰੀਕਾ ਕਨੇਡਾ ਛੱਡ ਕੇ ਆਏ ਹਨ। ਅੰਤ ਨੂੰ ਅੰਗਰੇਜ਼ਾਂ ਨੇ ਡੇਢ੍ਹ ਸੌ ਗ਼ਦਰੀ ਜਾਨੋਂ ਮਾਰ ਦਿੱਤੇ, 3 ਸੌ ਨੂੰ 14 ਸਾਲ ਤੋਂ ਵਧ ਸਜ਼ਾਵਾਂ ਹੋਈਆਂ। ਘਰ ਜਾਇਦਾਦ ਦੀ ਕੁਰਕੀ ਵੱਖਰੀ ਹੋਈ। ਉਨ੍ਹਾਂ ਦੇ ਘਰਦਿਆਂ ਜੋ ਮੁਸੀਬਤਾਂ ਝੱਲੀਆਂ, ਉਨ੍ਹਾਂ ਦੀ ਤਾਂ ਕੋਈ ਗੱਲ ਹੀ ਨਹੀਂ ਕਰਦਾ। ਹਰਨਾਮ ਚੰਦ ਉਨ੍ਹਾਂ ਗ਼ਦਰੀਆਂ ਚੋਂ ਸੀ। ਇਤਿਹਾਸ ਤੇ ਯਾਦਾਂ ਲਿਖਣ ਵਾਲ਼ਿਆਂ ਤੋਂ ਹਰਨਾਮ ਚੰਦ ਦਾ ਬਹੁਤਾ ਪਤਾ ਨਹੀਂ ਲਗਦਾ। ਸੈਂਸਰੇ ਨੇ ਗ਼ਦਰ ਪਾਰਟੀ ਦੇ ਇਤਿਹਾਸ (1961) ਵਿਚ ਹਰਨਾਮ ਚੰਦ ਨੂੰ ਤੀਸਰੇ ਲਹੌਰ ਸਾਜ਼ਿਸ਼ ਕੇਸ ਵਾਲ਼ਾ 'ਸ੍ਰੀ ਨਾਮਾ' ਤੇ 'ਹਰਨਾਮ ਸਿੰਘ' ਕਰਕੇ ਲਿਖਿਆ ਹੈ ਤੇ ਉਹਨੂੰ ਗ਼ਦਰ ਲਹਿਰ ਦੇ ਹਮਦਰਦ ਮੰਡੀ ਰਿਆਸਤ ਦੇ ਰਾਜੇ ਦੇ ਬੇਨਾਮ ਭਤੀਜੇ ਨਾਲ਼ ਜੋੜਿਆ ਹੈ, ਜਿਹਦਾ ਹੋਰ ਵੇਰਵਾ ਨਹੀਂ ਦਿੱਤਾ। ਹਰੀ ਸਿੰਘ ਉਸਮਾਨ ਦੀ ਡਾਇਰੀ ਚ ਹਰਨਾਮ ਚੰਦ ਤੇ ਹੋਰ ਹਮਸਫ਼ਰਾਂ ਦੇ ਨਾਂ ਇਕ-ਅੱਧ ਵਾਰ ਹੀ ਆਉਂਦੇ ਹਨ।

ਸਾਰੇ ਗ਼ਦਰੀ ਆਗੂਆਂ ਦੇ ਵਤਨ ਨੂੰ ਕੂਚ ਕਰਨ ਮਗਰੋਂ ਸਾਨਫ਼ਰਾਂਸਿਸਕੋ ਦਾ ਯੁਗਾਂਤਰ ਆਸ਼ਰਮ ਸੁੰਞਾ ਪਿਆ ਸੀ। ਪਸ਼ੌਰੋਂ ਗਏ ਕਿਸੇ ਰਾਮ ਚੰਦ ਨੇ ਉਥੇ ਜਾ ਡੇਰੇ ਲਾਏ। (ਪੂਰੇ ਤਿੰਨ ਸਾਲ ਮਗਰੋਂ ਗ਼ਦਰੀ ਰਾਮ ਸਿੰਘ ਨੇ ਇਹਨੂੰ ਗ਼ੱਦਾਰੀ ਬਦਲੇ ਕਤਲ ਕਰ ਦਿੱਤਾ।) ਕਿਸੇ ਨੂੰ ਨਹੀਂ ਪਤਾ ਕਿ ਸ਼ੁਕੀਨ ਕਵੀ ਹਰੀ ਸਿੰਘ ਫ਼ਕੀਰ ਉਰਫ਼ ਉਸਮਾਨ ਆਸ਼ਰਮ ਚ ਕਿਵੇਂ ਪੁੱਜਾ ਸੀ। ਉਹਨੇ ਅਪਣੀਆਂ ਯਾਦਾਂ (1991) ਚ "ਮੈਨੂੰ ਗ਼ਦਰ ਪਾਰਟੀ ਨੇ ਸੱਦ ਲਿਆ" ਲਿਖਿਆ ਹੈ। ਲਾਲੇ ਹਰਦਿਆਲ ਰਾਹੀਂ ਗ਼ਦਰ ਪਾਰਟੀ ਨੂੰ ਜਰਮਨ ਸਰਕਾਰ ਤੋਂ ਪੈਸੇ ਮਿਲਦੇ ਸੀ ਤੇ ਇਹ ਸਿਲਸਿਲਾ ਹਿਟਲਰ ਦੇ ਵੇਲੇ ਤਕ ਚਲਦਾ ਰਿਹਾ। ਜਰਮਨਾਂ ਦੇ ਆਖੇ ਆਪ-ਸਜੇ ਆਗੂ ਰਾਮ ਚੰਦ ਨੇ ਮੈਵਰਿਕ ਨਾਂ ਦਾ ਜਹਾਜ਼ ਹਥਿਆਰਾਂ ਨਾਲ਼ ਭਰ ਕੇ ਪੰਜ ਹਿੰਦੀਆਂ ਸਣੇ 22 ਅਪ੍ਰੈਲ 1915 ਨੂੰ ਕਲਕੱਤੇ ਨੂੰ ਤੋਰਿਆ। ਈਰਾਨੀ ਖਲਾਸੀਆਂ ਦੇ ਭੇਸ ਵਾਲ਼ੇ ਇਹ ਪੰਜ ਜਣੇ ਸੀ: ਹਰੀ ਸਿੰਘ ਫ਼ਕੀਰ (ਉਸਮਾਨ), ਹਰਨਾਮ ਚੰਦ, ਮੰਗੂ ਰਾਮ, ਹਰਚਰਨ ਦਾਸ ਪਿੰਡ ਰਾਏਪੁਰ ਫਰਾਲ਼ਾ ਤੇ ਸੁਲਤਾਨਪੁਰ ਯੂਪੀ ਦਾ ਗੰਭੀਰ ਸਿੰਘ। (ਉਸਮਾਨ ਨੇ ਹਰਚਰਨ ਦਾਸ ਨੂੰ ਕਿਸ਼ਨ ਚੰਦ ਤੇ ਗੰਭੀਰ ਸਿੰਘ ਨੂੰ ਰਘਬੀਰ ਦੱਸਿਆ ਹੈ ਤੇ ਜਹਾਜ਼ ਦੇ ਚੱਲਣ ਦੀ ਤਾਰੀਖ਼ 15 ਅਪ੍ਰੈਲ ਦੱਸੀ ਹੈ।) ਜਗਜੀਤ ਸਿੰਘ ਦੀ ਲਿਖਤ ਗ਼ਦਰ ਪਾਰਟੀ ਲਹਿਰ (1955) ਵਿਚ ਦਰਜ ਹੈ ਕਿ ਇਸ ਜਹਾਜ਼ ਵਿਚ "ਤੀਹ ਹਜ਼ਾਰ ਰਾਈਫ਼ਲਾਂ, ਹਰ ਇਕ ਰਾਈਫ਼ਲ ਪ੍ਰਤੀ ਪੰਜ ਸੌ ਗੋਲ਼ੀਆਂ ਤੇ ਦੋ ਲੱਖ ਰੁੱਪਯਾ ਆਉਣਾ ਸੀ।" ਸੈਂਸਰੇ ਦੀ ਲਿਖਤ ਵਾਸਤੇ ਲਿਖੇ ਹਰੀ ਸਿੰਘ ਉਸਮਾਨ ਦੇ ਬਿਆਨ ਮੂਜਬ "ਹਥਿਆਰਾਂ ਦੇ ਗਿਆਰਾਂ ਗੱਡੇ (ਪੰਦਰਾਂ ਹਜ਼ਾਰ ਰਫ਼ਲਾਂ ਤੇ ਪਿਸਤੌਲ) ਸੀ।" ਦੋਹਵਾਂ ਹਵਾਲਿਆਂ ਦੀ ਅੱਤਕਥਨੀ ਪ੍ਰਤੱਖ ਹੈ।

ਜਹਾਜ਼ ਸਮੁੰਦਰ ਚ – ਸੈਂਸਰੇ ਦੇ ਲਿਖਣ ਵਾਂਙ – "ਅਵਾਰਾਗਰਦੀ" ਕਰਦਾ ਤਿੰਨ ਮਹੀਨੇ ਬਤਾਵੀਆ (ਜਕਾਰਤਾ) ਖੜ੍ਹਾ ਰਿਹਾ। ਹਰਚਰਨ ਦਾਸ ਤੇ ਹਰਨਾਮ ਚੰਦ ਉਤਰ ਕੇ ਸਿਆਮ (ਥਾਈਲੈਂਡ) ਚਲੇ ਗਏ; ਉਥੇ ਇਹ ਪੁਲਸ ਦੇ ਕਾਬੂ ਆ ਗਏ। ਅੰਗਰੇਜ਼ ਹਾਕਮ ਹਰਚਰਨ ਦਾਸ ਨੂੰ ਸਾਨਫ਼ਰਾਂਸਿਸਕੋ ਲੈ ਗਏ, ਤੇ ਹਰਨਾਮ ਚੰਦ ਨੂੰ ਲਹੌਰ। ਹਰਚਰਨ ਦਾਸ ਗ਼ਦਰੀਆਂ ਦੇ ਖ਼ਿਲਾਫ਼ ਚਲਾਏ ਸਾਜ਼ਿਸ਼ ਕੇਸ ਚ ਵਾਇਦਾ ਮੁਆਫ਼ ਗਵਾਹ ਬਣਿਆ ਤੇ ਹਰਨਾਮ ਚੰਦ ਤੀਸਰੇ ਲਹੌਰ ਸਾਜ਼ਿਸ਼ ਕੇਸ ਵਿਚ ਫਾਂਸੀ ਲੱਗਾ। ਸ਼ੁਕੀਨ ਸ਼ਾਇਰ ਜਾਵਾ ਟਾਪੂ ਵਿਚ ਛਪਨ ਹੋ ਗਿਆ ਤੇ ਉਥੇ ਮੁਸਲਮਾਨ ਦੇ ਭੇਸ ਚ ਘਰ ਵਸਾ ਕੇ ਤੀਹ ਸਾਲ ਰਿਹਾ; ਦੇਸ਼ ਆਜ਼ਾਦ ਹੋਣ 'ਤੇ ਅਪਣੇ ਘਰ ਬੱਦੋਵਾਲ਼ ਲੁਧਿਆਣੇ ਆ ਗਿਆ। ਇਹਦੀ ਪਾਈ ਬਾਤ ਦਾ ਸੰਤ ਸਿੰਘ ਸੇਖੋਂ ਨੇ ਨਾਵਲ ਬਣਾਇਆ – ਬਾਬਾ ਆਸਮਾਨ। ਮੰਗੂ ਰਾਮ ਜਹਾਜ਼ੋਂ ਉਤਰ ਸਿੰਘਾਪੁਰ ਗਿਆ, ਤਾਂ ਉਥੇ ਫੜਿਆ ਗਿਆ। ਫ਼ਰਾਰ ਹੋ ਕੇ ਦਸ ਸਾਲ ਭਟਕਦਾ ਅਪਣੇ ਪਿੰਡ ਮੂਗੋਵਾਲ਼ ਪੁੱਜਾ; ਫੇਰ 'ਆਦਿਧਰਮੀਆਂ' ਦੀ ਲਹਿਰ ਚਲਾਈ ਤੇ ਸੰਨ 1944 ਵਿਚ ਅਪਣੇ ਸੱਤ ਬੰਦਿਆਂ ਸਣੇ ਪੰਜਾਬ ਅਸੰਬਲੀ ਦਾ ਮੈਂਬਰ ਬਣਿਆ। ਇਸ ਸਾਰੇ ਡਰਾਮੇ ਚ ਮਗਰੋਂ ਜਾ ਕੇ ਲੇਨਿਨ ਦੇ ਬਣੇ ਸਾਥੀ ਐੱਮ. ਐੱਨ. ਰਾਏ ਦਾ ਨਾਂ ਵੀ ਬੋਲਦਾ ਹੈ। ਉਹ ਦੱਸਦਾ ਹੈ ਕਿ ਜਹਾਜ਼ ਵਾਲੇ ਹਥਿਆਰ ਪੰਜਾਬੀ ਗ਼ਦਰੀਆਂ ਵਾਸਤੇ ਕਤੱਈ ਨਹੀਂ ਸਨ। ਓਦੋਂ ਪੰਜਾਬ ਵਿਚ ਇਨ੍ਹਾਂ ਹਥਿਆਰਾਂ ਨੂੰ ਕੋਈ ਚਲਾਉਣ ਵਾਲ਼ਾ ਤਾਂ ਕੀ, ਕੋਈ ਸਾਂਭਣ ਵਾਲ਼ਾ ਵੀ ਨਹੀਂ ਸੀ ਬਚਿਆ।

ਅਮਰੀਕਾ ਤੋਂ ਚੱਲੇ ਉਸ ਸਮੁੰਦਰੀ ਜਹਾਜ਼ ਦਾ ਨਾਂ ਮੈਵਰਿਕ ਸੀ। ਅੰਗਰੇਜ਼ੀ ਸ਼ਬਦ ਮੈਵਰਿਕ ਦਾ ਪੰਜਾਬੀ ਉਲਥਾ ਬੇਮੁਹਾਰਾ ਕਰੀਦਾ ਹੈ। ਇਹਦੀ ਕਹਾਣੀ ਜਿਵੇਂ ਸਾਰੀ ਗ਼ਦਰ ਲਹਿਰ ਦਾ ਤੱਤ ਹੈ - ਸੂਰਮੇ ਦਿਲਾਂ ਵਿਚ ਸੱਚੀਸੁੱਚੀ ਤਾਂਘ ਲੈ ਕੇ ਦੇਸ ਆਜ਼ਾਦ ਕਰਵਾਉਣ ਚੱਲੇ ਹਨ; ਨਾਲ ਹੀ ਘਰ ਦੇ ਭੇਤੀ ਹਨ; ਜਹਾਜ਼ ਸਮੁੰਦਰ 'ਚ ਠਿਲ੍ਹ ਪਿਆ; ਕੈਪਟਨ ਪਤਾ ਨਹੀਂ ਕੌਣ ਹੈ, ਵਿਉਂਤ ਕੋਈ ਨਹੀਂ; ਲੰਗਰਣਾ ਕਿਹੜੇ ਕੰਢੇ ਹੈ, ਕਿਸੇ ਨੂੰ ਨਹੀਂ ਪਤਾ। ਸਾਰੇ ਭੇਤਾ ਛੱਡ ਕੇ ਨੱਸ ਜਾਂਦੇ ਹਨ; ਪਿੱਛੇ ਫਾਹੇ ਲੱਗਣ ਨੂੰ ਰਹਿ ਜਾਂਦਾ ਹੈ, ਹਰਨਾਮ ਚੰਦ।

ਹਰਨਾਮ ਚੰਦ ਤੇ ਇਹਦੇ ਗਰਾਈਂ ਬਾਬੂ ਰਾਮ ਨੂੰ ਬਾਰਾਂ ਹੋਰ ਗ਼ਦਰੀਆਂ ਸਣੇ ਤੀਸਰੇ ਲਹੌਰ ਸਾਜ਼ਿਸ਼ ਕੇਸ ਵਿਚ ਅੰਗਰੇਜ਼ ਹਕੂਮਤ ਖ਼ਿਲਾਫ਼ ਬਗ਼ਾਵਤ ਕਰਨ ਦੇ ਦੋਸ਼ ਵਿਚ ਫਾਂਸੀ ਲੱਗੀ ਸੀ। ਨਾ ਕੋਈ ਵਕੀਲ, ਨਾ ਦਲੀਲ, ਨਾ ਅਪੀਲ। ਇਨ੍ਹਾਂ ਤਾਂ ਕੋਈ ਕੀੜੀ ਸਾਰਖੀ ਵੀ ਨਹੀਂ ਸੀ ਮਾਰੀ। ਆਜ਼ਾਦੀ ਦਾ ਸੁਪਨਾ ਜ਼ਰੂਰ ਲਿਆ ਸੀ। ਤੌਬਾ! ਸੁਪਨਾ ਲੈਣ ਦੀ ਏਡੀ ਵੱਡੀ ਸਜ਼ਾ!

16 ਮਾਰਚ ਸੰਨ 1917 ਈਸਵੀ। ਭੁੱਲ ਜਾਓ ਕਿ ਇਹ ਕੋਈ ਖੇਲ ਹੈ। (ਪੁਰਾਣੀ ਪੰਜਾਬੀ 'ਚ ਸਿਨਮੇ ਨੂੰ ਲੋਕ ਖੇਲ ਕਹਿੰਦੇ ਹੁੰਦੇ ਸੀ।) ਭੁੱਲ ਜਾਓ ਕਿ ਸ਼ਹੀਦ ਦੀ ਸਾਂਗ ਲਾਉਂਦਾ ਕੋਈ ਦਲੀਪ ਕੁਮਾਰ, ਮਨੋਜ ਕੁਮਾਰ ਜਾਂ ਰਾਜ ਬੱਬਰ ਹੈ। ਅੱਖਾਂ ਮੁੰਦ ਕੇ ਰਤਾ ਚਿਤਵੋ - ਪੰਜ ਜਣੇ ਫਾਂਸੀ ਦੇ ਤਖ਼ਤੇ ਵੱਲ ਵਧ ਰਹੇ ਹਨ। ਹਰਨਾਮ ਚੰਦ। ਬਾਬੂ ਰਾਮ। ਖੁਰਦਪੁਰੀਆ ਬਲਵੰਤ ਸਿੰਘ। ਜਗਰਾਵਾਂ ਦਾ ਹਾਫ਼ਿਜ਼ ਮੁਹੰਮਦ ਅਬਦੁੱਲਾ। ਸੰਘਵਾਲ ਜਲੰਧਰ ਦਾ ਰੂੜ ਸਿੰਘ। ਇਹ ਕਿਹਨੂੰ-ਕਿਹਨੂੰ ਧਿਆ ਰਹੇ ਹਨ? ਜਿੰਨੇ ਇਕੱਠੇ, ਉਨੇ ਹੀ ਇਕੱਲੇ। ਇਨ੍ਹਾਂ ਜੋ ਸੁਣ ਰੱਖਿਆ ਸੀ, ਉਹ ਪਹਿਲੀ ਵਾਰੀ ਦੇਖਣਾ ਹੈ - ਰੱਸਾ, ਜੱਲਾਦ, ਤਖ਼ਤਾ। ਇਨ੍ਹਾਂ ਦੇ ਘਰਦਿਆਂ ਨੂੰ ਇਸ ਵਾਪਰਨ ਵਾਲੀ ਹੋਣੀ ਦਾ ਕੋਈ ਪਤਾ ਨਹੀਂ। ਹਰਨਾਮ ਚੰਦ ਕਿਸਨੂੰ ਸੋਚ ਰਿਹਾ ਹੈ? ਰੁਕਮਣੀ। ਦੀਵਾਨ ਚੰਦ। ਦਰਿਆਮਾ। ਬੱਚੇ। ਬੱਚੋਂ ਕੋ ਪਿਆਰ। ਫ਼ਤਹਗੜ੍ਹ। ਹੁਸ਼ਿਆਰਪੁਰ। ਆਪ ਕਿਸੀ ਕਿਸਮ ਕਾ ਫ਼ਿਕਰ ਨਾ ਕਰੇਂ। ਸਭ ਕੋ ਦਰਜਾ ਬਦਰਜਾ ਨਮਸਤੇ। ... ਨਮਸਤੇ।

ਉਨ੍ਹਾਂ ਦੇ ਪੈਰਾਂ ਥੱਲੇ ਦੇ ਤਖ਼ਤੇ ਇਕਦਮ ਖੁੱਲ੍ਹ ਗਏ।

ਉਨ੍ਹਾਂ ਦਾ ਸਸਕਾਰ ਜੇਲ ਦੇ ਅਹਾਤੇ 'ਚ ਕਰ ਦਿੱਤਾ ਗਿਆ।

ਚਾਰ ਮਹੀਨੇ ਮਗਰੋਂ ਭਾਈ ਦੀਵਾਨ ਚੰਦ ਨੇ ਪੰਜਾਬ ਦੇ ਗਵਰਨਰ ਨੂੰ ਪਟੀਸ਼ਨ ਭੇਜੀ। ਉਹਦਾ ਜਵਾਬ ਆਇਆ - ਤੁਹਾਡੇ ਭਾਈ ਨੂੰ ਤਾਂ ਫਾਂਸੀ ਦਿੱਤੀ ਜਾ ਚੁੱਕੀ ਹੈ।

*

ਉਸ ਗੱਲ ਨੂੰ ਬੜੇ ਸਾਲ ਹੋ ਚੁੱਕੇ ਨੇ; ਪਰ ਜਾਣ ਤੋਂ ਪਹਿਲਾਂ ਹਰਨਾਮ ਚੰਦ ਦੀ ਤਸਵੀਰ ਇਕ ਵਾਰੀ ਫੇਰ ਦੇਖ ਲਵੋ।

## ਭਗਵਾਨ ਜੋਸ਼ ਦੀ ਇਸ ਲੇਖ ਬਾਰੇ ਚਿੱਠੀ

ਨਵੀ ਦਿੱਲੀ 9 ਜਨਵਰੀ 2002

ਪਿਆਰੇ ਮਨੁੱਖ...ਤੇਰੀ ਇਸ ਲਿਖਤ ਵਿਚ ਭੁੱਲੇ-ਵਿਸਰੇ ਇਨਸਾਨ ਬਾਰੇ ਤੇ ਉਹਦੀ ਅਣਆਈ ਮੌਤ ਬਾਰੇ ਜਾਣਕਾਰੀ ਤਾਂ ਹੈ ਹੀ, ਨਾਲ਼ ਕੁਝ ਸਤਰਾਂ ਐਸੀਆਂ ਹਨ - ਤੇ ਇਹ ਸਤਰਾਂ ਹੀ ਇਸ ਲਿਖਤ ਨੂੰ ਅਹਿਮ ਬਣਾਉਂਦੀਆਂ ਹਨ - ਜੋ ਸਮੁੱਚੀ ਗ਼ਦਰ ਲਹਿਰ ਨੂੰ ਬਿਆਨ ਕਰ ਦਿੰਦੀਆਂ ਹਨ, ਉਹ ਹੈ ਤੇਰਾ 'ਬੇਮੁਹਾਰਾ' ਮੈਟਾਫ਼ਰ ਨੂੰ ਲੈ ਕੇ ਲਹਿਰ ਦੀ ਤਹਿ ਤਕ ਪਹੁੰਚਣਾ। ਚਾਰ ਸਤਰਾਂ ਵਿਚ ਸਮੁੱਚੀ ਲਹਿਰ ਦੇ ਚਮਤਕਾਰੀ ਸੱਚ ਦੇ ਦਰਸ਼ਨ ਹੋ ਜਾਂਦੇ ਹਨ: ''ਅਮਰੀਕਾ ਤੋਂ ਚੱਲੇ ਉਸ ਸਮੁੰਦਰੀ ਜਹਾਜ਼ ਦਾ ਨਾਂ ਮੈਵਰਿਕ ਸੀ। ਅੰਗਰੇਜ਼ੀ ਸ਼ਬਦ ਮੈਵਰਿਕ ਦਾ ਪੰਜਾਬੀ ਉਲਥਾ ਬੇਮੁਹਾਰਾ ਕਰੀਦਾ ਹੈ। ਇਹਦੀ ਕਹਾਣੀ ਜਿਵੇਂ ਸਾਰੀ ਗ਼ਦਰ ਲਹਿਰ ਦਾ ਤੱਤ ਹੈ - ਸੂਰਮੇ ਦਿਲਾਂ ਵਿਚ ਸੱਚੀ-ਸੁੱਚੀ ਤਾਂਘ ਲੈ ਕੇ ਦੇਸ ਆਜ਼ਾਦ ਕਰਵਾਉਣ ਚੱਲੇ ਹਨ; ਨਾਲ਼ ਹੀ ਘਰ ਦੇ ਭੇਤੀ ਹਨ; ਜਹਾਜ਼ ਸਮੁੰਦਰ ਚ ਠਿਲ੍ਹ ਪਿਆ; ਕੈਪਟਨ ਪਤਾ ਨਹੀਂ ਕੌਣ ਹੈ, ਵਿਉਂਤ ਕੋਈ ਨਹੀਂ; ਲੱਗਣਾ ਕਿਹੜੇ ਕੰਢੇ ਹੈ, ਕਿਸੇ ਨੂੰ ਨਹੀਂ ਪਤਾ। ਸਾਰੇ ਬੇੜਾ ਛੱਡ ਕੇ ਨੱਸ ਜਾਂਦੇ ਹਨ; ਪਿੱਛੇ ਫਾਹੇ ਲੱਗਣ ਨੂੰ ਰਹਿ ਜਾਂਦਾ ਹੈ, ਹਰਨਾਮ ਚੰਦ।'' - ਪਰ ਇਸ ਮੈਟਾਫ਼ਰ ਨੂੰ ਤੂੰ ਨ੍ਹਾਮੇ 'ਤੇ ਲਾਗੂ ਨਹੀਂ ਕੀਤਾ। ਨ੍ਹਾਮਾ ਕੌਣ ਹੈ? ਤੇਰੇ ਮੇਰੇ ਤੇ ਹੋਰ ਅਨੇਕ ਪੰਜਾਬੀ ਗੱਭਰੂਆਂ ਦੇ ਅੰਦਰ ਦਾ ਨ੍ਹਾਮਾ ਕੌਣ ਸੀ? ਸਿਰਫ਼ ਤੂੰਹੀਓਂ ਨ੍ਹਾਮੇ ਨਾਲ਼ ਹਮਦਰਦੀ ਵਾਲ਼ਾ ਲੇਖ ਕਿਉਂ ਲਿਖਿਆ? ਕੀ ਤੂੰ ਇਹ ਲਿਖ ਕੇ ਅਪਣੇ ਅੰਦਰਲੇ ਨ੍ਹਾਮੇ ਨਾਲ਼ ਗੱਲਾਂ ਤਾਂ ਨਹੀਂ ਸੀ ਕਰ ਰਿਹਾ? ਇਹ ਲਿਖਤ ਪੜ੍ਹ ਕੇ ਮੇਰੇ ਅੰਦਰ ਦਾ ਨ੍ਹਾਮਾ ਜਾਗ ਪਿਆ। ਇਸ ਨ੍ਹਾਮੇ ਨੂੰ ਦੋ ਸ਼ਬਦਾਂ ਚ ਬਿਆਨ ਕਰਦਾ ਹਾਂ - 'ਬੇਮੁਹਾਰੀ ਭਾਵੁਕਤਾ'। ਇਹ ਕੁਆਰੀ ਭਾਵੁਕਤਾ ਦਾ ਹੀ ਦੂਸਰਾ ਨਾਂ ਹੈ। ਗੀਤਕਾਰ ਗੁਰਦਾਸ ਮਾਨ ਗਾਉਂਦਾ ਹੈ: ਚੜ੍ਹਦੀ ਜਵਾਨੀ ਵਿਚ, ਰੁੱਤ ਮਸਤਾਨੀ ਵਿਚ, ਕਿਸੇ ਨਾਲ਼ ਫਸਣਾ ਜ਼ਰੂਰ ਚਾਹੀਦਾ...। ਸਾਡੇ ਕਲਚਰ ਵਿਚ ਇਸ ਬੇਮੁਹਾਰੀ ਭਾਵੁਕਤਾ ਨਾਲ਼ ਅਪਣੇ ਆਪ ਨੂੰ ਫੰਨੇ ਖ਼ਾਂ ਸਮਝਣ ਵਾਲ਼ੀ ਜਵਾਨ ਮਾਨਸਿਕਤਾ ਕਿਸੇ 'ਇਕ' ਨਾਲ਼ ਜ਼ਰੂਰ 'ਫਸਦੀ' ਹੈ। ਇਹ ਕੋਈ ਇਨਸਾਨ ਹੋ ਸਕਦਾ ਹੈ; ਕੋਈ ਦਹਸ਼ਤਪਸੰਦ ਜੱਥੇਬੰਦੀ ਜਾਂ ਕਮਉਮਰਾਂ ਦੇ ਜਜ਼ਬਾਤ ਨਾਲ਼ ਖੇਡਣ ਵਾਲ਼ੀ ਕੋਈ 'ਪਾਰਟੀ' ਹੋ ਸਕਦੀ ਹੈ। ਮੈਂ ਵੀ ਇੰਜ ਹੀ ਨਕਸਲੀ ਲਹਿਰ ਚ 'ਫਸ' ਗਿਆ ਸੀ। ਇਸ 'ਫਸਣਾ' ਸ਼ਬਦ ਦਾ ਅਰਥ ਬੜਾ ਗੁੰਝਲ਼ਦਾਰ ਹੈ। ਇਹਦਾ ਇਹ ਮਤਲਬ ਨਹੀਂ ਕਿ ਕਿਸੇ ਨੇ ਤੁਹਾਡੇ ਨਾਲ਼ ਧੋਖਾ ਕੀਤਾ; ਹਾਲਾਂਕਿ ਧੋਖੇਬਾਜ਼ ਇਨ੍ਹਾਂ ਜੱਥੇਬੰਦੀਆਂ ਚ ਵੀ ਹੁੰਦੇ ਹਨ। ਇਸਦਾ ਮਤਲਬ ਹੈ ਕਿ ਜਜ਼ਬੇ ਦੇ ਗੰਧਲਣ ਦਾ ਸਮਾਜੀ ਅਮਲ ਹਾਲੇ ਸ਼ੁਰੂ ਨਹੀਂ ਹੋਇਆ ਹੁੰਦਾ; ਜਵਾਨੀ ਵਿਚ ਸੱਚੇ-ਝੂਠੇ ਰਿਸ਼ਤਿਆਂ ਸਦਕਾ ਸਮਾਜੀ-ਮੈਂ ਨਹੀਂ ਜਨਮੀ ਹੁੰਦੀ। ਜਵਾਨ ਮਨ ਦੀ ਕੋਮਲਤਾ ਹਾਲੇ ਸਮਾਜੀ ਸਖ਼ਤੀ ਨਾਲ਼ ਟਕਰਾਈ ਨਹੀਂ ਹੁੰਦੀ। ਉਹਨੂੰ ਤਾਂ ਸਾਰੀ ਦੁਨੀਆ ਸੁਪਨਿਆਂ ਦੀ ਕਾਇਨਾਤ ਲਗਦੀ ਹੈ - ਅਪਣੀ ਮਰਜ਼ੀ ਨਾਲ਼ ਸਿਰਜੀ ਹੋਈ। ਇਨਕਲਾਬ ਗਲ਼ੀ ਦੇ ਮੋੜ 'ਤੇ ਯਾਰ ਵਾਂਙ ਉਡੀਕ ਰਿਹਾ ਹੁੰਦਾ ਹੈ। ਨ੍ਹਾਮੇ ਨੂੰ ਵੀ ਲੱਗਿਆ ਸੀ ਕਿ ਉਹਨੂੰ ਆਜ਼ਾਦੀ ਉਡੀਕ ਰਹੀ ਹੈ। ਮੈਨੂੰ ਅੱਜ ਸਮਝ ਆਈ ਕਿ ਮੈਂ ਕਿਉਂ ਨਕਸਲਬਾੜੀਆਂ ਨਾਲ਼ 'ਫਸ' ਗਿਆ ਸੀ; ਨ੍ਹਾਮਾ ਕਿਉਂ ਗ਼ਦਰੀਆਂ ਨਾਲ਼ 'ਫਸਿਆ' ਸੀ।

ਤੇਰੀ ਇਸ ਲਿਖਤ ਤੋਂ ਪਹਿਲਾਂ ਮੈਂ ਇਹਨੂੰ ਅਪਣੀ ਮੂਰਖਤਾ ਸਮਝਦਾ ਸੀ। ਪਰ ਕੁਆਰੀ ਚੇਤਨਾ ਤੇ ਮੂਰਖਤਾ ਚ ਬੜਾ ਫ਼ਰਕ ਹੈ। ਇਹਦੀ ਸਮਝ ਮੈਨੂੰ ਹੁਣ 'ਮੂਰਖ' ਬਣ ਕੇ ਆਈ ਹੈ। ਖ਼ਤ ਤਾਂ ਤੈਨੂੰ ਲਿਖ ਰਿਹਾ ਹਾਂ; ਕਿਵੇਂ ਮੇਰੀ ਤਾਰ ਤੇਰੀ ਤਾਰ ਨਾਲ਼ ਜੁੜ ਗਈ ਹੈ; ਕਿਵੇਂ ਤੇਰੇ, ਮੇਰੇ ਤੇ ਨ੍ਹਾਮੇ ਅੰਦਰਲੇ ਤਿੰਨੇ ਨ੍ਹਾਮੇ ਮਿਲ਼ ਬੈਠੇ ਹਨ। ਇਹੀ ਸੰਗਤ ਹੈ। ਸਾਹਿਤ ਦਾ ਕੰਮ ਬੰਦੇ ਨੂੰ ਸੰਗਤੀਆ ਬਣਾਉਣਾ ਹੈ। ਤੇਰੀ ਇਸ ਲਿਖਤ ਦਾ ਮਕਸਦ ਸੀ - ਨ੍ਹਾਮੇ ਨੂੰ ਦੱਸਣਾ ਕਿ ਦੇਖ, ਪੰਜਾਬ ਵਿਚ ਹਾਲੇ ਕੁਝ ਨ੍ਹਾਮੇ ਹਨ, ਜੋ ਤੈਨੂੰ ਕਦੇ-ਕਦੇ ਚੇਤੇ ਕਰ ਲੈਂਦੇ ਹਨ (ਤੇਰੀ ਕੋਈ ਕਵਿਤਾ ਵੀ ਇੰਜੇ ਸ਼ੁਰੂ ਹੁੰਦੀ ਹੈ)। ਬਸ ਤੇਰੀਆਂ ਕਵਿਤਾਵਾਂ ਦੀ ਇਹ ਮਾਨਸਿਕ ਜ਼ਮੀਨ ਇਕ ਤਰ੍ਹਾਂ ਦੀ ਏਰੋਡਰੋਮ ਹੈ। ਜੇ ਤੂੰ ਇਸ ਜ਼ਮੀਨ 'ਤੇ ਪੁੱਜ ਕੇ ਟਿਕਿਆ ਰਹੇਂ ਤੇ ਜਿੰਨੀ ਦੇਰ ਟਿਕਿਆ ਰਹੇਂ; ਤੇਰੇ ਅੰਦਰੋਂ ਕਵਿਤਾ ਦੇ ਛੋਟੇ ਤੇ ਵੱਡੇ ਜਹਾਜ਼ ਉਡਦੇ ਰਹਿਣਗੇ। ਨ੍ਹਾਮਾ ਫਾਂਸੀਵਾਲ਼ਾ ਤੇਰਾ ਕੋਈ ਲੇਖ ਨਹੀਂ ਹੈ। ਇਹ ਤੇਰੇ ਲੇਖਿਆਂ ਵਿਚ ਲਿਖਿਆ ਲੇਖ ਅਸਲ ਚ ਕਵਿਤਾ ਹੀ ਹੈ। ਪਿਆਰ ਨਾਲ਼...

# ਸ਼ਨਾਖ਼ਤ



ਅੰਗਰੇਜ਼ੀ ਸ਼ਬਦ ਪਾਸਪੋਰਟ ਪੰਜਾਬੀਆਂ ਲਈ ਤਲਿਸਮੀ ਸ਼ਬਦ ਹੈ - ਇਹਦੇ ਉਚਰਿਆਂ ਸਹੰਸ ਦਰ ਇਕਦਮ ਖੁੱਲ੍ਹਣ ਲਗਦੇ ਹਨ; ਪਿੰਡ-ਗਰਾਂ ਦੇ ਦਿਸਹੱਦੇ ਤੋਂ ਪਾਰ ਦੀ ਦੁਨੀਆ ਤਕ ਪੁੱਜਣ ਦਾ ਇਹ ਉੜਨ-ਖਟੋਲਾ ਹੈ; ਸ਼ੁਭ-ਯਾਤਰਾ ਦਾ ਤਵੀਤ। ਫ਼ਰੰਗੀ ਪੰਜਾਬੀਆਂ ਨੂੰ ਫ਼ੌਜ ਚ ਭਰਤੀ ਕਰਕੇ ਅਪਣੇ ਸਾਮਾਰਾਜ ਦੀਆਂ ਜੜ੍ਹਾਂ ਲਾਉਣ ਲਈ ਪਰਦੇਸੀਂ ਢੋਣ ਲੱਗੇ ਸੀ। ਪਾਸਪੋਰਟ ਦੂਜੇ ਦਹਾਕੇ ਦੇ ਸ਼ੁਰੂ ਚ ਬਣਨ ਲੱਗਾ ਸੀ, ਪਹਿਲਾਂ ਤਹਿ-ਕੀਤਾ ਕਾਗਜ਼ ਹੀ ਹੁੰਦਾ ਸੀ ਤੇ ਨਾਲ਼ ਸ਼ਨਾਖ਼ਤ ਵਾਸਤੇ ਫ਼ੋਟੋ। ਪੰਜਾਬਣਾਂ ਦੇ ਪਹਿਲਕੇ ਪਾਸਪੋਰਟਾਂ 'ਤੇ ਉਨ੍ਹਾਂ ਦੀ ਫ਼ੋਟੋ ਨਹੀਂ ਸੀ ਲੱਗੀ ਹੁੰਦੀ। ਉਹਦੀ ਥਾਂ ਲਿਖਿਆ ਹੁੰਦਾ ਸੀ - ਲੇਡੀ ਇਨ ਪਰਦਾ।

ਲੰਦਨ ਦੀ ਬ੍ਰਿਟਿਸ਼ ਲਾਇਬ੍ਰੇਰੀ ਚ ਸਾਂਭੇ ਪਏ ਪਾਸਪੋਰਟਾਂ ਦੀਆਂ ਇਹ ਤਸਵੀਰਾਂ ਪੰਜਾਬ ਦੇ ਲੋਕ ਨਾਇਕਾਂ ਅਜੀਤ ਸਿੰਘ ਤੇ ਊਧਮ ਸਿੰਘ ਦੀਆਂ ਹਨ। ਇਕ ਤਸਵੀਰ ਦੇਸ ਵਾਪਸੀ ਦੇ ਪਾਸਪੋਰਟ ਦੀ ਹੈ ਤੇ ਦੂਸਰੀ ਦੇਸ ਕਦੇ ਨਾ ਮੁੜਨ ਦੇ ਪਾਸਪੋਰਟ ਦੀ।

ਤੀਹ ਸਾਲਾਂ ਦੀ ਜਲਵਾਤਨੀ, ਬੁਢਾਪੇ ਤੇ ਬੀਮਾਰੀ ਦੇ ਝੰਬੇ ਅਜੀਤ ਸਿੰਘ ਨਹਿਰੂ ਜੀ ਨੂੰ ਸੰਨ 40 ਵਿਚ ਜਨੀਵਾ ਜਾ ਕੇ ਮਿਲ਼ੇ ਸਨ, ਤਾਂ ਕਿ ਉਹ ਬਰਤਾਨਵੀ ਪਾਸਪੋਰਟ 'ਤੇ ਵਤਨ ਮੁੜ ਸਕਣ। ਇਸ ਤਸਵੀਰ ਦੇ ਪਿੱਛੇ ਨਹਿਰੂ ਜੀ ਨੇ ਹੱਥੀਂ ਤਸਦੀਕ ਕੀਤਾ ਹੋਇਆ ਹੈ ਕਿ ਇਹ ਅਜੀਤ ਸਿੰਘ ਦੀ ਸ਼ਕਲ ਦੀ ਅਸਲ ਨਕਲ ਹੈ। ਅੰਗਰੇਜ਼ ਹਾਕਮਾਂ ਦੀ ਅਜੀਤ ਸਿੰਘ ਨੂੰ ਬਰਤਾਨਵੀ ਪਾਸਪੋਰਟ ਦੇਣੋਂ ਨਾਂਹ ਦਾ ਕਾਰਣ ਸਰਕਾਰੀ ਮਿਸਲ ਚ ਇਹ ਲਿਖਿਆ ਹੋਇਆ ਹੈ: ਇਹ ਹੈ ਤਾਂ ਦਿੱਲੀ ਅਸੰਬਲੀ ਚ ਬੰਬ ਸੁੱਟਣ ਵਾਲ਼ੇ ਭਗਤ ਸਿੰਘ ਦਾ ਚਾਚਾ ਹੀ। - ਆਖ਼ਿਰ ਨਹਿਰੂ ਜੀ ਨੇ ਅਪਣੀ ਸਰਕਾਰ ਬਣਨ ਵੇਲੇ ਅਜੀਤ ਸਿੰਘ ਨੂੰ ਵਤਨ ਬੁਲਾਇਆ ਸੀ ਤੇ ਚੌਦਾਂ-ਪੰਦਰਾਂ ਅਗਸਤ 1947 ਦੀ ਰਾਤ ਨੂੰ ਇਨ੍ਹਾਂ ਦੀ ਜੀਵਨ-ਯਾਤਰਾ ਡਲਹੌਜ਼ੀ ਵਿਚ ਪੂਰੀ ਹੋਈ।

20 ਮਾਰਚ 1933 ਨੂੰ ਲਹੌਰ ਚ ਬਣੇ ਊਧਮ ਸਿੰਘ ਦੇ ਪਾਸਪੋਰਟ ਵਿਚ ਇਤਿਹਾਸ, ਜੀਵਨ ਤੇ ਤਾਰੀਖ਼ਾਂ ਦਾ ਵਿਅੰਗ ਦਰਜ ਹੈ। ਨਾਇਕ ਦਾ ਕਿੱਤਾ ਇਨਕਲਾਬ ਹੁੰਦਾ ਹੈ। ਨਾਇਕ ਦੀ ਜਨਮ ਤਾਰੀਖ਼ ਤਾਂ ਹੁੰਦੀ ਹੈ, ਪਰ ਮਰਨ ਤਾਰੀਖ਼ ਕੋਈ ਨਹੀਂ। ਨਾਇਕ ਦਾ ਕੱਦ ਅਪਣੇ ਵਤਨ ਦੇ ਆਕਾਸ਼ ਜਿੱਡਾ ਬੁਲੰਦ ਹੁੰਦਾ ਹੈ। ਅੱਖਾਂ ਦਾ ਰੰਗ: ਅਪਣੇ ਵਤਨ ਦੇ ਆਕਾਸ਼ ਵਰਗਾ; ਸਰੀਰ ਦਾ ਖ਼ਾਸ ਨਿਸ਼ਾਨ: ਗ਼ੁਲਾਮੀ ਦਾ ਦਾਗ਼। ਵਿਰਲੇ ਹੀ ਬੰਦੇ ਹੁੰਦੇ ਨੇ, ਜਿਨ੍ਹਾਂ ਦੀ ਸ਼ਨਾਖ਼ਤ ਸਾਰੀ ਕੌਮ ਦੀ ਸ਼ਨਾਖ਼ਤ ਹੋ ਜਾਂਦੀ ਹੈ। ਪੰਜਾਬੀ ਕੌਮ ਦੀ ਸ਼ਨਾਖ਼ਤ ਦੀ ਤਸਦੀਕ ਅਜੀਤ ਸਿੰਘ ਤੇ ਊਧਮ ਸਿੰਘ ਨੇ ਅਪਣੇ ਲਹੂ ਨਾਲ਼ ਕੀਤੀ।

2

## DESCRIPTION
## SIGNALEMENT

| | | Wife - Femme |
|---|---|---|
| Profession / Profession | Business | |
| Place and date of birth / Lieu et date de naissance | Lahore 23rd-8-1901. | |
| Domicile / Domicile | Lahore. | |
| Height / Taille | 5 ft. 8½ in. | ft. in. |
| Colour of eyes / Couleur des yeux | Brown | |
| Colour of hair / Couleur des cheveux | Black | |
| Visible distinguishing marks. / Signes particuliers | Scar on left arm | |

## CHILDREN - ENFANTS

| Name / Nom | Age / Age | Sex / Sexe |
|---|---|---|
| | | |

3

**PHOTOGRAPH OF BEARER**



SIGNATURE OF BEARER SIGNATURE DU TITULAIRE

Sd/. Udham Singh

**WIFE FEMME**

(Photo)

SIGNATURE OF WIFE ET DE SA FEMME

# ਭਗਤ ਸਿੰਘ ਦੀ ਤਸਵੀਰ



ਸਾਡੇ ਕੋਲ਼ ਭਗਤ ਸਿੰਘ ਦੀਆਂ ਕੁਲ ਚਾਰ ਤਸਵੀਰਾਂ ਹਨ – ਬਚਪਨ ਵੇਲੇ ਦੀ ਜਿਸ ਵਿਚ ਭਗਤ ਸਿੰਘ ਦੇ ਹੱਥ ਵੀ ਦਿਸਦੇ ਹਨ; ਦੂਜੀ ਨੈਸ਼ਨਲ ਕਾਲਜ ਲਹੌਰ ਦੀ ਡਰਾਮਾ ਕਲੱਬ ਦੀ ਗਰੁੱਪ ਫ਼ੋਟੋ ਵਿੱਚੋਂ ਕੱਢੀ ਟੌਰ੍ਹੇ ਵਾਲ਼ੀ ਪੱਗ ਵਾਲ਼ੀ; ਤੀਜੀ ਪੁਲਸ ਹਿਰਾਸਤ ਵਿਚ ਮੰਜੀ ਉੱਤੇ ਬੈਠੇ ਦੀ ਅਤੇ ਟੋਪ ਵਾਲ਼ੀ। ਸਭ ਤੋਂ ਵਧ ਮਕਬੂਲ ਟੋਪ ਵਾਲ਼ੀ ਤਸਵੀਰ ਹੀ ਹੈ। ਇਹ ਤਸਵੀਰ ਭਾਵੇਂ ਕਲਾ ਦਾ ਕੋਈ ਚੰਗਾ ਨਮੂਨਾ ਨਹੀਂ, ਪਰ ਇਹ ਸਾਡੇ ਲਈ ਬਹੁਤ ਕੁਝ ਹੈ। ਮੈਂ ਹੁਣ ਇਸ ਤਸਵੀਰ ਬਾਰੇ ਗੱਲ ਕਰਨੀ ਹੈ।

ਇਸ ਸਦੀ ਵਿਚ ਪੰਜਾਬ ਵਿਚ ਜਿੰਨੀ ਭਗਤ ਸਿੰਘ ਦੇ ਨਾਂ ਦੀ ਸੋਭਾ ਹੋਈ, ਉਨੀ ਕਿਸੇ ਦੀ ਨਹੀਂ ਹੋਈ। ਸਿੱਖ ਗੁਰੂਆਂ ਜਿੰਨਾ ਪਿਆਰ ਤੇ ਸ਼ਰਧਾ ਲੋਕਾਂ ਦੇ ਮਨਾਂ ਵਿਚ ਭਗਤ ਸਿੰਘ ਵਾਸਤੇ ਵੀ ਹੈ। ਨਾਨਕ ਜਾਂ ਗੋਬਿੰਦ ਸਿੰਘ ਤੇ ਭਗਤ ਸਿੰਘ ਦੀ ਤਸਵੀਰ ਵਿਚ ਏਨਾ ਹੀ ਫ਼ਰਕ ਹੈ ਕਿ ਗੁਰੂਆਂ ਦੀ ਮੂਰਤ ਫ਼ਰਜ਼ੀ ਹੈ, ਪਰ ਭਗਤ ਸਿੰਘ ਦੀ ਨਹੀਂ। ਅਤੇ ਇਹ ਹਰ ਕਿਸੇ ਦੇ ਏਨਾ ਨੇੜੇ ਤੇ ਏਨਾ ਅਪਣੇ ਵਰਗਾ ਹੈ ਕਿ ਇਸ ਅੱਗੇ ਕੋਈ ਮੱਥਾ ਤਾਂ ਭਾਵੇਂ ਟੇਕਦਾ ਹੋਏ, ਪਰ ਮੰਨਤਾਂ ਨਹੀਂ ਮੰਨਦਾ ਹੋਣਾ। ਪਰ ਅਪਣੀ ਜ਼ਿੰਦਗੀ ਤੇ ਕੁਰਬਾਨੀ ਸਦਕਾ ਭਗਤ ਸਿੰਘ ਆਮ ਬੰਦੇ ਦੇ ਅਪਣੇ ਵਰਗਾ ਹੁੰਦਿਆਂ ਵੀ ਏਨਾ ਕੁ ਵੱਖਰਾ ਜ਼ਰੂਰ ਹੈ, ਜਿਸਤੋਂ ਅਹਿਸਾਨਮੰਦੀ, ਇਜ਼ਤ ਤੇ ਸ਼ਰਧਾ ਸ਼ੁਰੂ ਹੁੰਦੀ ਹੈ। ਢਾਬਿਆਂ ਤੇ ਨ੍ਹਾਈਆਂ ਦੀਆਂ ਹੱਟੀਆਂ ਵਿਚ ਲਟਕਦੇ ਕੈਲੰਡਰਾਂ, ਟਰੱਕਾਂ ਦੀਆਂ ਬਾਰੀਆਂ ਤੇ ਰਿਕਸ਼ਿਆਂ ਦੇ ਪਿਛਾੜੀ, ਮੇਲਿਆਂ ਵਿਚ ਵਿਕਦੇ ਕਿੱਸਿਆਂ ਚਿੱਠਿਆਂ ਦੇ ਮੋਹਰੇ ਭਗਤ ਸਿੰਘ ਦੀ ਟੋਪ ਵਾਲ਼ੀ ਮੂਰਤ ਆਮ ਨਜ਼ਰ

ਆਉਂਦੀ ਹੈ। ਕੁੜੀਆਂ ਇਸ ਮੂਰਤ ਦਾ ਕਸੀਦਾ ਕਢਦੀਆਂ ਹਨ। ਟੋਪ ਤੇ ਮੁੱਛਾਂ ਨੂੰ ਛੱਡ ਕੇ ਹਰ ਮੂਰਤ ਵਿਚ ਨੈਣ-ਨਕਸ਼ਾਂ ਚ ਪਿਆ ਫ਼ਰਕ ਜਾਂ ਤਾਂ ਮੂਰਤ ਨੂੰ ਸੁਹਜਾ ਬਣਾ ਦਿੰਦਾ ਹੈ ਜਾਂ ਕੁਹਜਾ; ਪਰ ਇਹਦਾ ਸੁਨੇਹਾ ਕਦੇ ਨਹੀਂ ਬਦਲਦਾ; ਇਹ ਆਦਿ-ਜੁਗਾਦੀ ਜੁ ਹੋ ਗਿਆ ਹੈ। ਇਹ ਤਸਵੀਰ ਭਗਤ ਸਿੰਘ ਨੇ ਬਟੁਕੇਸ਼ਵਰ ਦੱਤ ਨਾਲ਼ ਜਾ ਕੇ ਕਸ਼ਮੀਰੀ ਗੇਟ ਦਿੱਲੀ ਦੇ ਫ਼ੋਟੋਗਰਾਫ਼ਰ ਰਾਮ ਨਾਥ ਤੋਂ 9 ਅਪ੍ਰੈਲ 1929 ਵਾਲ਼ੇ ਦਿਨ ਪਾਰਲੀਮੈਂਟ ਵਿਚ ਬੰਬ ਸੁੱਟਣ ਤੇ ਗ੍ਰਿਫ਼ਤਾਰ ਹੋਣ ਤੋਂ ਕੁਝ ਦਿਨ ਪਹਿਲਾਂ ਖਿਚਵਾਈ ਸੀ। ਇੱਕੋ ਦਿਨ ਇੱਕੋ ਵੇਲੇ ਅੱਗੜ-ਪਿੱਛੜ ਖਿਚਵਾਈਆਂ ਫੋਟੋਆਂ ਵਿਚ ਦੱਤ ਨੇ ਸਿਰ 'ਤੇ ਟੋਪ ਨਹੀਂ ਲਿਆ ਹੋਇਆ। ਸ਼ਾਇਦ ਉਹ ਟੋਪ ਲੈਣੋਂ ਸੰਙਦਾ ਹੋਏਗਾ। ਨਾਲ਼ੇ ਇਹ ਭਗਤ ਸਿੰਘ ਜਿੰਨਾ ਸ਼ੌਕੀਨ ਵੀ ਨਹੀਂ ਸੀ। ਦੱਤ ਤਸਵੀਰ ਵਿਚ ਕੈਮਰੇ ਜਾਂ ਦਰਸ਼ਕ ਵਲ ਨਹੀਂ ਦੇਖ ਰਿਹਾ। ਆਮ ਲੋਕਾਂ ਭਾਣੇ ਭਗਤ ਸਿੰਘ ਦੱਤ ਇੱਕੋ ਬੰਦੇ ਦਾ ਨਾਂ ਹੈ। ਭਗਤ ਸਿੰਘ ਦੀ ਇਹ ਤਸਵੀਰ ਜ਼ਿੰਦਾਦਿਲੀ, ਸਾਦਗੀ ਤੇ ਨਿਹਚੇ ਦਾ ਨਿਸ਼ਾਨ ਹੈ। ਆਪ ਖ਼ਰੀਦੇ ਫ਼ੈਲਟ ਹੈਟ ਨੂੰ ਪਾ ਕੇ ਭਗਤ ਸਿੰਘ ਬਾਂਕਾ ਛੈਲ ਜਵਾਨ ਨਜ਼ਰ ਆਉਂਦਾ ਹੈ। (ਇਹਨੂੰ ਫ਼ਿਲਮਾਂ ਦੇਖਣ ਦਾ ਬੜਾ ਸ਼ੌਕ ਸੀ)। ਪਰ ਏਨਾ ਜੈਂਟਲਮੈਨ ਵੀ ਨਹੀਂ ਕਿ ਟੋਪ ਨਾਲ਼ ਜੈਕਟ ਪਾ ਲੈਂਦਾ। ਭਾਵੇਂ ਨਿਰੀ ਕਮੀਜ਼ ਨਾਲ਼ ਪਾਇਆ ਟੋਪ ਬੇਢਬਾ ਲਗਦਾ ਹੈ, ਪਰ ਇਸ ਤੋਂ ਮਸਤੀ ਝਲਕਦੀ ਹੈ। ਇਹਨੇ ਜੇਲ ਚੋਂ ਚਿੱਠੀ ਲਿਖ ਕੇ 'ਸ਼ੈਕਸਪੀਅਰੀ' ਕਾਲਰਾਂ ਵਾਲ਼ੀ ਕਮੀਜ਼ ਮੰਗਵਾਈ ਸੀ। ਮੁੱਛਾਂ ਤੇ ਘੰਡੀ ਵਾਲ਼ੀ ਮਜ਼ਬੂਤ ਗਰਦਨ ਤੋਂ ਮਰਦਾਨਗੀ ਝਲਕਦੀ ਹੈ ਅਤੇ ਅਪਣੀ ਮਾਂ ਵਰਗੀਆਂ ਸੁਪਨਈ ਅੱਖਾਂ ਤੇ ਠੋਡੀ ਤੋਂ ਨਿਹਚਾ। ਬੁੱਲ੍ਹਾਂ ਵਿਚ ਸੰਵੇਦਨਾ ਹੈ।

ਰਾਮ ਨਾਥ ਇਹ ਤਾਂ ਜਾਣਦਾ ਹੀ ਹੋਣਾ ਹੈ ਕਿ ਭਗਤ ਸਿੰਘ ਮਫ਼ਰੂਰ ਹੈ। ਪਤਾ ਨਹੀਂ ਇਹਦੀ ਇਹ ਮੂਰਤ ਲਾਂਹਦਿਆਂ ਇਹਨੂੰ ਇਹਦੀ ਤਵਾਰੀਖ਼ੀ ਅਹਿਮੀਅਤ ਦਾ ਪਤਾ ਸੀ ਜਾਂ ਨਹੀਂ; ਪਰ ਭਗਤ ਸਿੰਘ ਦੱਤ ਨੂੰ ਜ਼ਰੂਰ ਪਤਾ ਸੀ। ਇਹ ਮੂਰਤ ਵਾਪਰਨ ਵਾਲ਼ੀ ਬਹੁਤ ਵੱਡੀ ਘਟਨਾ ਵਲ ਇਸ਼ਾਰਾ ਹੈ। ਕਿੰਨਾ ਚੰਗਾ ਹੁੰਦਾ, ਜੇ ਰਾਮ ਨਾਥ ਇਨ੍ਹਾਂ ਦੀਆਂ ਹੋਰ ਤਸਵੀਰਾਂ ਵੀ ਲਾਹ ਕੇ ਰਖ ਲੈਂਦਾ।

ਬਹੁਤ ਘਟ ਤਸਵੀਰਾਂ ਹੁੰਦੀਆਂ ਹਨ, ਜਿਨ੍ਹਾਂ ਦੇ ਸਿਰਲੇਖ ਦੇਣ ਜਾਂ ਲਿਖਣ ਦੀ ਜ਼ਰੂਰਤ ਨਹੀਂ ਹੁੰਦੀ। ਭਗਤ ਸਿੰਘ ਦੀ ਇਹ ਤਸਵੀਰ ਵੀ ਐਸੀਆਂ ਤਸਵੀਰਾਂ ਵਿਚ ਸ਼ੁਮਾਰ ਹੁੰਦੀ ਹੈ। ਫ਼ਰਾਂਸੀਸੀ ਫ਼ੈਲਸੂਫ਼ ਰੋਲਾਂ ਬਾਖ਼ਤ ਦੇ ਕਹਿਣ ਵਾਂਙ ਤਸਵੀਰ ਦਾ ਸਿਰਲੇਖ ਜਾਂ ਤਾਂ ਤਸਵੀਰ ਨੂੰ ਉਚਿਆਣ ਵਾਸਤੇ ਲਿਖੀਦਾ ਹੈ, ਜਾਂ ਤਰਸ ਪੈਦਾ ਕਰਨ ਲਈ ਤੇ ਜਾਂ ਕੋਈ ਮਨਤਕ ਦੇਣ ਵਾਸਤੇ। ਭਗਤ ਸਿੰਘ ਲੋਕ ਮਨ ਵਿਚ ਏਨਾ ਵੱਸਿਆ ਹੋਇਆ ਹੈ ਕਿ ਇਹਦੀ ਇਕ ਝਲਕ ਮਾਤਰ ਹੀ ਅਪਣੇ ਆਪ ਨੂੰ ਉਚਿਆਂਦੀ ਵੀ ਹੈ ਤੇ ਤਰਸ ਵੀ ਪੈਦਾ ਕਰਦੀ ਹੈ।

ਪੁਲਸ ਵਾਲ਼ੇ ਸ਼ਨਾਖ਼ਤ ਵਾਸਤੇ ਮੁਲਜ਼ਮ ਦੇ ਗਲ਼ ਵਿਚ ਨੰਬਰ ਵਾਲ਼ੀ ਸਲੇਟ ਪਾ ਕੇ ਸਾਹਮਣਿਉਂ ਤੇ ਪਾਸਿਉਂ ਫ਼ੋਟੋਆਂ ਉਤਾਰਦੇ ਹੁੰਦੇ ਹਨ। ਕਿਸੇ ਨੂੰ ਪਤਾ ਨਹੀਂ ਕਿ ਦਿੱਲੀ ਜਾਂ ਲਹੌਰ ਪੁਲਸ ਨੇ ਭਗਤ ਸਿੰਘ ਦੀਆਂ ਇਹੋ ਜਿਹੀਆਂ ਤਸਵੀਰਾਂ ਖਿੱਚੀਆਂ ਸਨ ਜਾਂ ਨਹੀਂ। ਜੇ ਕਿਤੇ ਇਹ ਲੱਭ ਪੈਣ, ਤਾਂ ਭਗਤ ਸਿੰਘ ਉਨ੍ਹਾਂ ਵਿਚ ਕਿਹਾ ਜਿਹਾ ਨਜ਼ਰ ਆਉਂਦਾ ਹੋਵੇਗਾ? ਟੋਪ ਤਾਂ ਉਨ੍ਹਾਂ ਚ ਕਦੇ ਹੋ ਨਹੀਂ ਹੋ ਸਕਦਾ। ਕੁਝ ਦਿਨਾਂ ਦੀ ਕਰੜਬਰੜੀ ਦਾਹੜੀ ਹੋਏਗੀ। ਤਸ਼ੱਦਦ ਦੇ ਝੰਬੇ ਹੋਏ ਭਗਤ ਸਿੰਘ ਦੇ ਥੱਕੇ ਹੋਏ ਮੁੱਖੜੇ 'ਤੇ ਟੋਪ ਵਾਲ਼ੀ ਤਸਵੀਰ ਵਾਲ਼ੀ

ਅਲਸਾਹਟ ਤੇ ਜਲਾਲ ਭਾਵੇਂ ਨਾ ਹੋਵੇ, ਪਰ ਨਿਹਚਾ ਜ਼ਰੂਰ ਹੋਏਗਾ।

ਭਗਤ ਸਿੰਘ ਨੇ ਅਮਰੀਕਾ ਰਹਿੰਦੇ ਅਪਣੇ ਗਰਾਈਂ ਅਮਰ ਚੰਦ ਨੂੰ ਮਈ 1927 ਵਿਚ ਚਿੱਠੀ ਲਿਖੀ ਸੀ: "ਵੀਰ ਮੇਰੀ ਵਿਦੇਸ਼ ਜਾ ਕੇ ਤਾਲੀਮ ਹਾਸਿਲ ਕਰਨ ਦੀ ਖ਼ਾਹਸ਼ ਖ਼ੂਬ ਬਰਬਾਦ ਹੋ ਗਈ।" ਜੇ ਭਗਤ ਸਿੰਘ ਦੀ ਇਹ ਖ਼ਾਹਸ਼ ਪੂਰੀ ਹੋਈ ਹੁੰਦੀ ਜਾਂ ਇਹ ਹੋਰਨਾਂ ਪੰਜਾਬੀ ਇਨਕਲਾਬੀਆਂ ਵਾਂਙ ਰੂਸ ਗਿਆ ਹੁੰਦਾ, ਤਾਂ ਇਹਨੂੰ ਪਾਸਪੋਰਟ ਵਾਸਤੇ ਫ਼ੋਟੋ ਜ਼ਰੂਰ ਖਿਚਵਾਣੀ ਪੈਣੀ ਸੀ। ਪਾਸਪੋਰਟ ਵਾਲ਼ੀ ਫ਼ੋਟੋ ਵਿਚ ਟੋਪ ਨਹੀਂ ਪਾਈਦਾ। ਤਾਂ ਵੀ ਟੋਪ ਵਾਲ਼ੀ ਤਸਵੀਰ ਵਾਂਙ ਪਾਸਪੋਰਟ ਦੀ ਤਸਵੀਰ ਦਾ ਮੂੰਹ ਭਵਿਖ ਵਲ ਹੁੰਦਾ। ਪੁਲਸ ਦੀ ਲਾਹੀ ਤਸਵੀਰ ਦਾ ਮੂੰਹ ਹਮੇਸ਼ਾ ਅਤੀਤ ਵਲ ਹੁੰਦਾ ਹੈ। ਪੁਲਸੀਏ ਤਸੀਹੇ ਵੀ ਬੀਤੇ ਵੇਲੇ ਦੀਆਂ ਤਹਿਆਂ ਫੋਲਣ ਲਈ ਦਿੰਦੇ ਹਨ। ਪੁਲਸ ਹਿਰਾਸਤ ਵਿਚ ਭਵਿਖ ਅਲੋਪ ਹੋ ਜਾਂਦਾ ਹੈ।

ਭਗਤ ਸਿੰਘ ਦੀ ਇਸ ਤਸਵੀਰ ਦੀ ਇਕ ਹੋਰ ਸਿਫ਼ਤ ਇਹ ਵੀ ਹੈ ਕਿ ਇਹ ਰਿਆਸਤ (ਸਟੇਟ) ਦਾ ਲੋਕਾਂ ਉੱਤੇ ਮੜ੍ਹਿਆ ਹੋਇਆ ਇਮੇਜ ਨਹੀਂ। ਅਸੀਂ ਲੋਕਾਂ ਨੇ ਇਹਨੂੰ ਏਸ ਲਈ ਸਾਂਭ-ਸਾਂਭ ਰੱਖਿਆ ਹੈ, ਕਿਉਂਕਿ ਇਹ ਸਾਨੂੰ ਪਿਆਰਾ ਲਗਦਾ ਹੈ। ਏਸ ਪਿਆਰ ਵਿਚ ਰਹਿੰਦੀ ਦੁਨੀਆ ਤਕ ਕੋਈ ਫ਼ਰਕ ਨਹੀਂ ਪੈਣਾ। ਇਹ ਤਸਵੀਰ ਦੇਖਣ ਵਾਲ਼ੇ ਵਲ ਦੋਸਤੀ ਦਾ ਹੱਥ ਵਧਾਉਂਦੀ ਹੈ। ਇਹਦੇ ਐਨ ਉਲਟ ਸਤਾਲਿਨ ਦੀ ਤਸਵੀਰ ਵੀ ਹੈ।

ਪੰਜਾਬ ਸਰਕਾਰ ਨੇ ਭਗਤ ਸਿੰਘ ਦੀ ਇਸ ਤਸਵੀਰ ਨੂੰ ਬਦਲਣ ਦੀ ਫ਼ਿਰਕਾਪ੍ਰਸਤ ਕਰਤੂਤ ਕੀਤੀ ਸੀ। ਚਿਤ੍ਰਕਾਰ ਅਮਰ ਸਿੰਘ ਬਾਂਸਲ ਨੇ ਟੋਪ ਲਾਹ ਕੇ ਪੱਗ ਰਖ ਦਿੱਤੀ। ਇਹੀ ਹਾਲ ਊਧਮ ਸਿੰਘ ਦੀ ਤਸਵੀਰ ਦਾ ਹੋਇਆ। ਪੰਜਾਬ ਸਰਕਾਰ ਨੂੰ ਤਾਂ ਕੀ ਦੋਸ਼ ਦਿੱਤਾ ਜਾ ਸਕਦਾ ਹੈ। ਬੜੇ ਸਾਲ ਪਹਿਲਾਂ ਕਿਰਤੀ ਪਾਰਟੀ ਦੇ ਬਾਬਿਆਂ ਨੇ ਕਰਤਾਰ ਸਿੰਘ ਸਰਾਭੇ ਦੀ ਮਿਲ਼ਦੀ ਇੱਕੋਇਕ ਬੋਦਿਆਂ ਵਾਲ਼ੀ ਤਸਵੀਰ ਵਿਚ ਅਮ੍ਰਿਤਸਰ ਦੇ ਗੁਰਦਿਆਲ ਸਿੰਘ ਫ਼ੋਟੋਗਰਾਫ਼ਰ ਨੂੰ ਆਖ ਕੇ ਭੱਦੀ-ਜਿਹੀ ਪੱਗ ਬੰਨ੍ਹਵਾ ਦਿੱਤੀ ਸੀ। ਭਗਤ ਸਿੰਘ ਦੀ ਮੰਜੀ ਵਾਲ਼ੀ ਤਸਵੀਰ ਵਿਚ ਨਾਲ਼ ਜੋ ਸੀਆਈਡੀ ਦਾ ਬੰਦਾ ਬੈਠਾ ਹੈ, ਉਹ ਹੁਣ ਬਣਾਏ ਜਾਂਦੇ ਕੈਲੰਡਰਾਂ ਵਿਚ ਭਾਈ ਰਣਧੀਰ ਸਿੰਘ ਬਣਾਇਆ ਹੁੰਦਾ ਹੈ।

ਜਿਉਂ ਮੌਤ ਉਮਰ ਨੂੰ ਵਧਣੋਂ ਯਕਲਖ਼ਤ ਰੋਕ ਦਿੰਦੀ ਹੈ, ਇਵੇਂ ਕੈਮਰੇ ਦੀ ਕਲਿਕ ਵੇਲੇ ਦੇ ਅਨੰਤ ਵਹਿਣ ਨੂੰ ਤੋੜ ਕੇ ਦਰਜ ਕਰ ਲੈਂਦੀ ਹੈ। ਤਸਵੀਰ ਰੁਕੇ ਹੋਏ ਵੇਲੇ ਦੀ ਸਨਦ ਹੁੰਦੀ ਹੈ। ਅੱਜ ਅਸੀਂ ਅੱਸੀ ਸਾਲਾਂ ਦਾ ਬਾਬਾ ਭਗਤ ਸਿੰਘ ਨਹੀਂ ਚਿਤਵ ਸਕਦੇ। ਭਗਤ ਸਿੰਘ ਦੀ ਇਹ ਤਸਵੀਰ ਸਦਾਬਹਾਰ ਰੁੱਤ ਦੀ ਨਿਸ਼ਾਨੀ ਹੈ। ਲੋਕ ਅਮਰ ਬਿੰਬ ਦੀ ਲਾਲਸਾ ਕਰਦਿਆਂ ਬਹੁਤੀ ਵੇਰ ਖ਼ੁਦਗਰਜ਼ ਤੇ ਬੇਕਿਰਕ ਵੀ ਹੁੰਦੇ ਹਨ। ਪਰ ਭਗਤ ਸਿੰਘ ਦੇ ਕਰੀਬੀ ਸਾਕਾਂ ਖ਼ਾਸ ਕਰਕੇ ਇਹਦੀ ਮਾਂ ਲਈ ਮੌਤ ਦਾ ਰੁਮਾਂਸ ਕੋਈ ਮਾਅਨੇ ਨਹੀਂ ਰਖਦਾ ਹੋਣਾ। ਉਹਦੀ ਤਾਂ ਦੁਨੀਆ ਲੁੱਟੀ ਗਈ ਸੀ। ਇਹ ਤਸਵੀਰ ਮਾਂ ਨੂੰ ਨਿਤ ਸੱਲ੍ਹਦੀ ਹੋਣੀ ਹੈ।

ਭਗਤ ਸਿੰਘ ਦੀ ਇਹ ਤਸਵੀਰ ਪੰਜਾਬ ਦੀ ਕੌਮੀ ਤਸਵੀਰ ਹੈ। ਇਹ ਜੋ ਸਾਡੀਆਂ ਨਜ਼ਰਾਂ ਵਿਚ ਹੈ, ਉਹ ਗ਼ੈਰ-ਪੰਜਾਬੀਆਂ ਦੀਆਂ ਨਜ਼ਰਾਂ ਚ ਨਹੀਂ ਹੋ ਸਕਦਾ। ਸੋਵੀਅਤ ਰੂਸ ਦੇ ਕਿਸੇ ਸਮੁੰਦਰੀ ਜਹਾਜ਼ ਦਾ ਨਾਂ *ਭਗਤ ਸਿੰਘ* ਸੀ। ਪਰ ਕੀ ਉਸ ਜਹਾਜ਼ ਦਾ ਕਪਤਾਨ ਤੇ ਜਹਾਜ਼ੀ ਭਗਤ ਸਿੰਘ ਨੂੰ ਸਾਡੇ ਵਾਂਙ ਹੀ ਪਿਆਰ ਕਰਦੇ ਹੋਣਗੇ?

# ਬੇਵਤਨੀ



ਤਸਵੀਰ ਅਸਲੀਅਤ ਦਾ ਝਉਲ਼ਾ ਹੁੰਦੀ ਹੈ, ਅਸਲੀਅਤ ਨਹੀਂ। ਇਸ ਤਸਵੀਰ ਵਿਚ ਤਾਂ ਬੇੜੀ ਤੇ ਸਮੁੰਦਰ ਦੀਆਂ ਛੱਲਾਂ, ਦੁਮੇਲ 'ਤੇ ਨਜ਼ਰ ਆਉਂਦੇ ਜਹਾਜ਼ ਕਪੜੇ ਦੇ ਪਰਦੇ ਉੱਤੇ ਵਾਹੇ ਹੋਏ ਹਨ। ਇਹ ਫ਼ੋਟੋਗਰਾਫ਼ਰ ਦੀ ਹੱਟੀ ਵਿਚ ਟੰਗੇ ਪਰਦੇ ਅਗਾੜੀ ਬੈਠ ਕੇ ਖਿਚਵਾਈ ਫ਼ੋਟੋ ਹੈ। ਸਮੁੰਦਰ ਤੇ ਜਹਾਜ਼ ਸਫ਼ਰ ਦੀਆਂ ਨਿਸ਼ਾਨੀਆਂ ਹਨ। ਇਹ ਸਫ਼ਰ ਦੇਸੋਂ ਪਰਦੇਸ ਤੇ ਪਰਦੇਸੋਂ ਦੇਸ ਦਾ ਵੀ ਹੋ ਸਕਦਾ ਹੈ – ਇਕ ਬੰਨਿਓਂ ਗ਼ਮੀ ਦਾ ਸਫ਼ਰ ਤੇ ਦੂਜੇ ਬੰਨਿਓਂ ਘਰ ਮੁੜਨ ਦੀ ਖ਼ੁਸ਼ੀ ਦਾ।

ਇਹ ਤਸਵੀਰ ਮੇਰੇ ਬਾਪ ਨੇ ਅਪਣੇ ਸਫ਼ਰ ਤੇ ਪਰਦੇਸ ਦੀ ਨਿਸ਼ਾਨੀ ਰੱਖਣ ਲਈ ਤੇ ਸੁੱਖਸਾਂਦ ਦੀ ਖ਼ਬਰ ਅਪਣੇ ਘਰ ਦਿਆਂ ਨੂੰ ਘੱਲਣ ਲਈ ਖਿਚਵਾਈ ਹੋਏਗੀ। ਮੇਰੀ ਦਾਦੀ ਨੇ ਸਾਰੀ ਉਮਰ ਨਾ ਕਦੇ ਜਹਾਜ਼ ਦੇਖਿਆ ਤੇ ਨਾ ਸਮੁੰਦਰ। ਇਹ ਅਪਣੇ ਪੁੱਤ ਨੂੰ ਏਸ ਹਾਲਤ ਵਿਚ ਦੇਖ ਕੇ ਬੜਾ ਘਬਰਾਈ ਸੀ। ਪਹਿਲਾਂ ਮੇਰਾ ਦਾਦਾ ਤੇ ਉਹਦੇ ਭਰਾ ਇਸ ਸਦੀ ਦੇ ਸ਼ੁਰੂ ਵਿਚ ਚੀਨ ਕਨੇਡੇ ਗਏ ਸਨ। ਸਾਡੀਆਂ ਮਾਵਾਂ ਦੇ ਭਾਣੇ ਪਰਦੇਸ ਕਿਹੋ ਜਿਹਾ ਹੁੰਦਾ ਹੋਏਗਾ? ਓਦੋਂ ਨਕਸ਼ਾ ਕਿਹਨੂੰ ਦੇਖਣਾ ਆਉਂਦਾ ਸੀ? ਓਦੋਂ ਚੀਨ ਕਨੇਡੇ ਨੂੰ ਜਹਾਜ਼ ਕਾਲ਼ੀ ਮਿੱਟੀ ਕਲਕੱਤਿਓਂ ਚਲਦੇ ਹੁੰਦੇ ਸੀ। ਮੇਰੀ ਦਾਦੀ ਸੋਚਦੀ ਹੋਣੀ ਹੈ – ਪਰਦੇਸ ਕੋਈ ਜਗ੍ਹਾ ਹੈ, ਹਰਿਦੁਆਰੋਂ ਵੀ ਅਗਾਂਹ, ਚੜ੍ਹਦੇ ਵਲ। ਓਦੋਂ ਦੁਮੇਲ ਬਹੁਤ ਨੇੜੇ ਹੁੰਦਾ-ਹੁੰਦਾ ਸੀ – ਧਰਤੀ ਤੇ ਆਕਾਸ਼ ਪਿੰਡ ਦੇ ਬਾਹਰਵਾਰ ਹੀ ਮਿਲ਼ ਜਾਂਦੇ ਸੀ। ਓਦੋਂ ਹਵਾਈ ਜਹਾਜ਼ ਵੀ ਕਿਹੜੇ ਹੁੰਦੇ ਸੀ ਤੇ ਨਾ ਟੈਲੀਵੀਯਨ। ਹੁਣ ਧਰਤੀ ਤੇ ਆਕਾਸ਼ ਰੇਲ ਗੱਡੀ ਦੀਆਂ ਲੀਹਾਂ

ਵਾਂਙ ਬਰੋ-ਬਰਾਬਰ ਹੋ ਗਏ ਹਨ।

ਅਪਣਾ ਘਰ ਵਤਨ ਛੱਡ ਕੇ ਪਰਾਈ ਥਾਂ ਵਸਣ ਦੀ ਗੱਲ ਮੈਨੂੰ ਦਿਨ-ਰਾਤ ਸੱਲ੍ਹਦੀ ਹੈ। ਇਹ ਅਹਿਸਾਸ ਸਾਹ ਵਾਂਙ ਨਾਲ਼-ਨਾਲ਼ ਚਲਦਾ ਹੈ। ਲਗਦਾ ਹੈ, ਹਰ ਪਲ ਅੰਦਰ ਕੁਝ ਖੁਰਦਾ ਜਾਂਦਾ ਹੈ। ਬੇਵਤਨੇ ਨੂੰ ਅਪਣੇ ਆਪ ਨੂੰ ਕੋਸੀ ਜਾਣ ਦੀ ਕਸਰ ਹੁੰਦੀ ਹੈ। ਫ਼ਰੰਗੀਆਂ ਦੀ ਫ਼ੌਜ ਦੀ ਚਾਕਰੀ ਤੋਂ ਪਹਿਲਾਂ ਪੰਜਾਬ ਵਿਚ ਘਰਬਾਰ ਛੱਡਣ ਦੀ ਗੱਲ ਕੋਈ ਕਰਮਾਂ-ਮਾਰਿਆ ਹੀ ਕਰਦਾ ਹੋਣਾ ਹੈ। ਗ਼ਰੀਬੀ, ਕਾਲ਼ ਦੇ ਮਾਰੇ ਜਾਂ ਕਤਲ ਧਾੜਾ ਕਰਕੇ ਲੋਕ ਜੱਦੀ ਥਾਂ ਛੱਡ ਕੇ ਕਿਸੇ ਹੋਰ ਥਾਂ ਜਾ ਵੱਸਦੇ ਸਨ। ਫੇਰ ਫ਼ਰੰਗੀ ਆ ਵੜੇ। ਪੰਜਾਬੀਆਂ ਨੇ ਪਹਿਲੀ ਵਾਰ ਪਿਛਲੀ ਸਦੀ ਦੇ ਅਖ਼ੀਰ ਵਿਚ ਬਰਮਾ ਵਲ ਮੂੰਹ ਕੀਤਾ ਸੀ। ਲੋਕਗੀਤ ਗਵਾਹ ਹੈ:

ਨਾ ਜਾ ਬਰਮਾ ਨੂੰ ਲੇਖ ਜਾਣਗੇ ਨਾਲ਼ੇ

ਸ਼ਹਿਰ ਚੱਲੀਏ ਮਜੂਰੀ ਲੱਭੀਏ, ਪਿੰਡਾਂ ਵਿਚ ਭੰਗ ਭੁੱਜਦੀ

ਪੂਰਬੀ ਅਫ਼ਰੀਕਾ ਤੇ ਚੀਨ, ਧੁਰ-ਪੂਰਬ ਤੇ ਕਨੇਡਾ ਅਮਰੀਕਾ ਜਾ ਕੇ ਵਸਿਆਂ ਪੰਜਾਬੀਆਂ ਨੂੰ ਇਕ ਸਦੀ ਹੋ ਗਈ ਹੈ। ਹਾਲੇ ਵੀ ਪੰਜਾਬ ਦੀਆਂ ਗ਼ਲੀਆਂ ਸੁੰਨੀਆਂ ਹੋਣੋਂ ਨਹੀਂ ਹਟੀਆਂ। ਦੁਆਬੇ ਨੂੰ ਕੋਈ ਸਰਾਪ ਲੱਗਾ ਹੈ।

ਪੀਲ਼ੀ ਮਿੱਟੀ ਆ ਜਲੰਧਰਾਂ ਦੀ ਮਾਹੀਆ ਪਰਦੇਸ ਗਿਆ,

ਸੁੰਨ ਪੈ ਗਈ ਅੰਦਰਾਂ ਦੀ

ਮੇਰੇ ਪਿਤਾ ਗੋਪਾਲ ਸਿੰਘ ਤੀਹ ਕੁ ਸਾਲਾਂ ਦੇ ਸੀ, ਜਦ ਇਹ ਸੰਨ 1929 ਵਿਚ ਪਹਿਲੀ ਵਾਰ ਈਸਟ ਅਫ਼ਰੀਕਾ ਗਏ ਸੀ। ਓਦੋਂ ਦੀ ਲਿਖੀ ਇਨ੍ਹਾਂ ਦੀ ਵਿਥਿਆ ਮੈਂ ਸਾਂਭ-ਸਾਂਭ ਰੱਖੀ ਹੈ। ਮੇਰੇ ਪਿਤਾ ਦਾ ਸੁਭਾਅ ਬੜਾ ਜਜ਼ਬਾਤੀ ਸੀ। ਇਨ੍ਹਾਂ ਵਰਗਾ ਗੁਰਮੁਖ ਮੈਂ ਕੋਈ ਵਿਰਲਾ ਹੀ ਦੇਖਿਆ ਹੈ। ਇਸ ਵਿਥਿਆ ਦੀ ਸਾਦਗੀ ਦੇਖਣ ਵਾਲ਼ੀ ਹੈ। ਉੱਤਮ ਕਲਾ ਓਹੀ ਹੁੰਦੀ ਹੈ, ਜਿਸਦਾ ਭਾਵ ਉਹਦੇ ਰੂਪ ਵਿਚ ਹੀ ਸਮੋਇਆ ਹੋਏ; ਬਾਹਰ ਨਾ ਡੁੱਲ੍ਹਦਾ ਫਿਰੇ।

ਲੋਕਗੀਤਾਂ ਦੀ ਸਿਰਜਕ ਔਰਤ ਹੁੰਦੀ ਹੈ। ਪਰਦੇਸੀਂ ਤੁਰਦੇ ਮਰਦ ਨਾਲ਼ ਤੀਵੀਂ ਹੀ ਗੱਲਾਂ ਕਰਦੀ ਹੈ। ਮਰਦ ਅੱਗੋਂ ਚੁੱਪ ਰਹਿੰਦਾ ਹੈ। ਰੋਣਾ ਮਰਦਾਨਗੀ ਨਹੀਂ ਸਮਝੀ ਜਾਂਦੀ। ਮੇਰੇ ਪਿਤਾ ਦੀ ਇਸ ਵਿਥਿਆ ਵਿਚ ਮੇਰੀ ਮਾਂ ਦਾ ਨਾਂ ਹੀ ਨਹੀਂ। ਪਿਤਾ ਨੇ ਅਪਣੀ ਮਾਂ ਦਾ ਨਾਂ ਨਹੀਂ ਲਿਆ। ਮੇਰੇ ਭਰਾ ਭੈਣਾਂ ਤੋਂ ਵਿਛੜਨ ਦਾ ਕੋਈ ਜ਼ਿਕਰ ਨਹੀਂ। ਸਿਰਫ਼ ਇੱਕੋ ਹੀ ਫ਼ਿਕਰਾ ਹੈ: "ਹੱਸਦੇ ਖੇਡਦੇ ਕੁਝ ਦਿਲਗੀਰੀਆਂ ਵਿਚ ਪਹਿਲੀ ਵੇਰ ਘਰਦਿਆਂ ਤੋਂ ਜੁਦਾ ਹੋ ਰਹੇ ਸੀ।" ਦਿਲਗੀਰੀ ਹਾਸੇ ਦੇ ਨਾਲ਼ੋ-ਨਾਲ਼ ਪਰਛਾਵੇਂ ਵਾਂਙ ਚਲਦੀ ਹੈ। ਕਦੇ ਦਿਲਗੀਰੀ ਪਰਛਾਵਾਂ ਹੁੰਦੀ ਹੈ ਤੇ ਕਦੇ ਹਾਸਾ।

ਇੰਡੀਆ ਆਫ਼ਿਸ ਲਾਇਬ੍ਰੇਰੀ ਵਿਚ ਭਗਤ ਸਿੰਘ ਦੇ ਵੇਲੇ ਦੀਆਂ ਫ਼ਾਈਲਾਂ ਫੋਲਦਿਆਂ ਕੋਈ ਸਰਕਾਰੀ ਰਜਿਸਟਰ ਮੇਰੇ ਹੱਥ ਲੱਗਾ। ਇਸ ਵਿਚ ਸੰਨ 1930 ਵਿਚ ਛਪੀਆਂ ਸਾਰੀਆਂ ਪੰਜਾਬੀ ਕਿਤਾਬਾਂ ਦਾ ਵੇਰਵਾ ਸੀ। ਇਕ ਥਾਂ ਨਿਗ੍ਹਾ ਅਟਕੀ:

ਅਫ਼ਰੀਕਾ ਦੀ ਖਿੱਚ (ਤੀਵੀਂ ਆਦਮੀ ਦਾ ਤਕਰਾਰ), ਜੀਵਨ ਸਿੰਘ ਢੇਸੀਆਂ ਕਲਾਂ ਜਲੰਧਰ,

ਗੁਰਬਾਣੀ ਸੇਵਕ ਪ੍ਰੈਸ ਅਮ੍ਰਿਤਸਰ, 2 ਆਨੇ 1000 ਕਾਪੀਆਂ 1930

ਇਸ ਕਿੱਸੇ ਵਿਚ ਦੇਸੀਆਂ ਵਾਲ਼ੇ ਜੀਵਨ ਸਿੰਘ ਨੇ ਕੀ ਲਿਖਿਆ ਹੋਵੇਗਾ? ਇਹੀ ਕਿ ਆਦਮੀ ਨੂੰ ਅਫ਼ਰੀਕਾ ਦੀ ਖਿਚ ਸਤਾ ਰਹੀ ਹੈ; ਤੀਵੀਂ ਅਪਣੀ ਜਵਾਨੀ ਦੇ ਵਾਸਤੇ ਪਾ-ਪਾ ਜਾਣੋਂ ਰੋਕਦੀ ਹੈ, ਝਗੜਾ ਕਰਦੀ ਹੈ। ਪਰ ਆਦਮੀ ਹੱਠ ਕਰਦਾ ਹੈ ਤੇ ਅਫ਼ਰੀਕਾ ਚਲੇ ਜਾਂਦਾ ਹੈ। ਕਿੱਸਾ ਲੱਭਿਆ; ਪੜ੍ਹਿਆ; ਤਾਂ ਓਹੋ ਗੱਲ ਨਿਕ਼ਲੀ। ਪਰ ਕਹਾਣੀ ਜਿਸਤਰ੍ਹਾਂ ਕਿੱਸਾ ਲਿਖਣ ਵਾਲ਼ੇ ਨੇ ਮੁਕਾਈ, ਉਹ ਨਿਆਰੀ ਸੀ। ਤੀਵੀਂ ਮਗਰੋਂ ਕਿਸੇ ਛੜੇ ਅਮਲੀ ਨਾਲ਼ ਰਲ਼ ਜਾਂਦੀ ਹੈ। ਤੀਵੀਂ ਤਰਜ਼ ਤੇਲੂ ਵਿਚ ਮੁੜ-ਘਿੜ ਚਤਾਰਦੀ ਹੈ: ਤੁਸੀਂ ਪਰਦੇਸ ਗਏ ਪੀਆ ਜੀ ੨ ਬਾਗ ਬਿਨ ਮਾਲੀ ਦੇ ਨਾ ਰਹਿੰਦਾ।

ਲੋਕਗੀਤ ਵਿਚ ਸੱਸ ਨੂੰਹ ਨੂੰ ਸਮਝਾਉਂਦੀ ਹੈ ਕਿ ਉਹਦਾ ਪੁੱਤ ਕਿਸੇ ਦਾ ਘੱਲਿਆ ਪਰਦੇਸ ਨਹੀਂ ਗਿਆ; ਉਹ ਦੰਮਾਂ ਦੇ ਲੋਭ ਨੂੰ ਗਿਆ ਹੈ। ਲੋਕਗੀਤ ਨਹੀਂ ਦੱਸਦਾ ਕਿ ਪਰਦੇਸੀਂ ਗਏ ਦਾ ਵੀ ਦਿਲ ਹੈਗਾ; ਉਹਦਾ ਕਿਸੇ ਨੂੰ ਕੋਈ ਖ਼ਿਆਲ ਈ ਨਹੀਂ।

## ਵਿਥਿਆ

ਮਾਰਚ 1929

ਅਜੇ ਨਕੋਦਰ ਹੀ ਸਾਂ। ਬਾਪੂ ਹਦਾਇਤਾਂ ਕਰਨ ਲੱਗਾ: ਜਹਾਜ਼ ਵਿਚ ਬੜਾ ਬਾਰੀਕ ਆਟਾ ਮਿ਼ਲਦਾ ਹੁੰਦਾ ਹੈ। ਵਿਚ ਜ਼ਰਾ ਘੇਉ ਪਾ ਕੇ ਗੁੰਨ੍ਹੀਦਾ ਹੈ, ਤਾਂਕਿ ਛੇਤੀ ਹਜ਼ਮ ਹੋ ਜਾਏ। ਕਪੜੇ ਹੰਢੇ ਹੋਏ ਪਾਸ ਰੱਖੀਂ; ਰੋਜ਼ ਧੋ ਲਏ। ਆਖ਼ਰ ਮੰਜ਼ਲ ਤੇ ਪੁਜ ਕੇ ਸਮੁੰਦਰ ਵਿਚ ਸੁੱਟ ਦੇਈਂ। ਇਕ ਬੋਤਲ ਸ਼ਰਾਬ ਦੀ ਜ਼ਰੂਰ ਕੋਲ਼ ਰੱਖੀਂ। ਰੋਜ਼ ਪੀ ਲਿਆ ਕਰੀਂ। ਜਹਾਜ਼ ਵਿਚ ਉਲ਼ਟੀਆਂ ਆਉਂਦੀਆਂ ਹੁੰਦੀਆਂ ਹਨ, ਨਾ ਆਉਣਗੀਆਂ। ਹੋਰ ਵੀ ਕਈ ਤਰ੍ਹਾਂ ਦੀਆਂ ਹਦਾਇਤਾਂ ਕਰਦਾ ਰਹਿੰਦਾ ਸੀ। ਇਕ ਦਿਨ ਬੀਬੀ ਪਰੇਮ ਪਾਸ ਬੈਠੀ ਸੀ (ਨਕੋਦਰ ਹਸਪਤਾਲ਼ ਦੇ ਡਾਕਟਰ ਸੁੰਦਰ ਸਿੰਘ ਪੁਰੀ ਦੀ ਧੀ) ਹਸ ਪਈ ਤੇ ਕਿਹਾ: "ਭਾਈ ਜੀ! ਤੁਸੀਂ ਇਨ੍ਹਾਂ ਨੂੰ ਤਾਂ ਸ਼ਰਾਬ ਪੀਣ ਲਈ ਕਹਿੰਦੇ ਹੋ, ਸਾਡਾ ਜ਼ਨਾਨੀਆਂ ਦਾ ਕੀ ਹਾਲ?" ਮੈਂ ਅੱਗੋਂ ਉੱਤਰ ਦਿੱਤਾ: "ਜਦ ਸਾਨੂੰ ਕਿਸੇ ਪੀਣੀ ਸਿਖਾਈ ਹੀ ਨਹੀਂ, ਅਸੀਂ ਕਿਵੇਂ ਪੀ ਸਕਦੇ ਹਾਂ। ਸਮਝੋ ਅਸੀਂ ਜ਼ਨਾਨੀਆਂ ਹਾਂ।"

...

ਹੱਸਦੇ-ਖੇਡਦੇ ਕੁਝ ਦਿਲਗੀਰੀਆਂ ਵਿਚ ਪਹਿਲੀ ਵੇਰ ਘਰਦਿਆਂ ਤੋਂ ਜੁਦਾ ਹੋਣਾ ਤੇ ਅਜੇ ਅਪਣੇ ਦੇਸ ਨਾਲ਼ ਐਨਾ ਪਿਆਰ ਨਹੀਂ ਸੀ। ਦੇਸ ਦਾ ਪਿਆਰ ਬਾਹਰਲੇ ਮੁਲਕ ਜਾ ਕੇ ਹੀ ਜਾਗਦਾ ਹੈ। ਆਖ਼ਿਰ 4.3.29 ਬੰਬਈ ਸਟੇਸ਼ਨ ਤੋਂ ਪਿੱਛੇ ਹੀ ਪੈਸੰਜਰ ਏਜੰਟ ਮਿ਼ਲ ਪਏ ਤੇ ਸਾਤੋਂ ਟਿਕਟ ਵੀ ਪਹਿਲੇ ਹੀ ਲੈ ਗਏ। ਅਸੀਂ ਕਿਸੇ ਏਜੰਟ ਦਾ ਕਾਰਟ ਨਾ ਲਿਆ। ਸਾਡੇ ਦਿਮਾਗ਼ ਵਿਚ ਸੀ ਖ਼ਾਸਕਰ ਮੇਰੇ ਕਿਉਂਕਿ ਮੈਂ ਅਖ਼ਬਾਰਾਂ ਵਿਚ ਇਸ਼ਤਿਹਾਰ ਪੜ੍ਹਦਾ ਹੁੰਦਾ ਸੀ ਕਿ ਏਜੰਟਾਂ ਦੀ ਲੁੱਟ ਤੋਂ ਬਚਾਉਣ ਲਈ ਸਿੰਘ ਸਭਾ ਨੇ ਅਪਣਾ ਆਦਮੀ ਰੱਖਿਆ ਹੋਇਆ ਹੈ, ਜੋ ਤੁਹਾਡੀ ਚੰਗੀ ਸੇਵਾ ਕਰੇਗਾ। ਪਰ ਸਾਨੂੰ ਸਟੇਸ਼ਨ ਉੱਤੇ ਕੋਈ ਸੇਵਾਦਾਰ ਨਾ

ਮਿਲ਼ਿਆ। ਅਸੀਂ ਵੀ ਬੜੇ ਢੀਠ ਸੀ। ਕੁਲੀਆਂ (ਤੀਵੀਆਂ) ਨੂੰ ਸਾਮਾਨ ਚੁਕਾਇਆ ਤੇ ਸਿੰਘ ਸਭਾ ਦੇ ਦੁਆਰੇ ਅੱਗੇ ਖ਼ਾਨਾਬਦੋਸ਼ਾਂ ਵਾਂਙ ਖੜ੍ਹੇ ਹੋ ਗਏ। ਆਖ਼ਰ ਪੁੱਛਿਆ ਤੇ ਸੇਵਾਦਾਰ ਆਇਆ ਤੇ ਸਾਨੂੰ ਨਵੀਂ ਲਈ ਬਿਲਡਿੰਗ ਦੇ ਚੁਬਾਰੇ ਵਿਚ ਬਿਠਾ ਆਇਆ। ਹਾਲੇ ਬੱਤੀ ਦਾ ਕੋਈ ਇੰਤਜ਼ਾਮ ਨਹੀਂ ਸੀ। ਪਰ ਪਾਣੀ ਦਾ ਨਲ਼ਕਾ ਸਾਡੇ ਕਮਰੇ ਵਿਚ ਹੀ ਸੀ। ਆਖ਼ਰ ਪੁੱਛਿਆ ਤੇ ਸਾਨੂੰ ਇੰਜਣ ਵਾਂਗ ਚਲਣ ਵਾਲ਼ੀ ਲਾਲਟੈਨ ਦੇ ਗਿਆ, ਜਿਸਨੂੰ ਬੁਝਾਉਣ ਦੀ ਲੋੜ ਨਹੀਂ ਸੀ। ਆਪੇ ਹੀ ਬੁਝਣਾ ਜਾਣਦੀ ਸੀ। ਅਸੀਂ ਵਾਹਵਾ ਸਿੰਘ ਸਭਾ ਦਾ ਸੁਆਦ ਮਾਣਿਆ। ਉਨ੍ਹਾਂ ਸਾਤੋਂ ਰਹਿਣ ਦਾ ਕਰਾਇਆ ਵੀ ਘਟ ਨਾ ਲਿਆ। ਪਰ ਅੱਗੋਂ ਕੰਨਾਂ ਨੂੰ ਹੱਥ ਲੁਆ ਦਿੱਤੇ। ਅਸੀਂ ਸਾਹਮਣੇ ਕੋਣੇ ਵਾਲ਼ੇ ਮਕਾਨ ਉੱਤੇ ਲਈ ਗੁਰਦੁਆਰੇ ਦੀ ਬਿਲਡਿੰਗ ਵਿਚ ਮੈਂ ਤੇ ਰਤਨ ਸਿੰਘ ਨੇ ਵਾਜੇ 'ਤੇ (ਜੋ ਮੇਰਾ ਅਪਣਾ ਬਣਾਇਆ ਹੋਇਆ ਸੀ) ਨਾਲ਼ ਬਸੰਤ ਰਾਗ ਵਿਚ ਸਾਧੋ ਮਨ ਕਾ ਮਾਨ ਤਿਆਗੋ ਗਾਵਿਆਂ। ਰਤਨ ਸਿੰਘ ਨੇ ਜੋੜੀ ਵਜਾਈ।

...ਅਸੀਂ ਕਾਹ਼ਲੀ-ਕਾਹ਼ਲੀ ਚਿੜੀਆਘਰ ਦੇਖਿਆ ਤੇ ਵਾਪਸ ਮੁੜ ਆਏ, ਕਿਉਂਕਿ ਭਾਂਡੇ ਤੇ ਰਾਸ਼ਨ ਵਗ਼ੈਰਾ ਵੀ ਖ਼ਰੀਦਣਾ ਸੀ। ਆਖ਼ਿਰ ਭਾਂਡੇ ਵੀ ਖ਼ਰੀਦੇ ਤੇ ਰਾਸ਼ਨ ਵੀ ਲਿਆ। ਦੁੱਧ ਦੇ ਡੱਬੇ ਵੀ ਲਏ। ਸਾਨੂੰ ਘੱਟੋ-ਘਟ ਸੋਲ਼ਾਂ ਡੱਬੇ ਲੈਣੇ ਚਾਹੀਦੇ ਸੀ, ਪਰ ਨਾਲ਼ਦਿਆਂ ਨੇ ਸੂਮਪੁਣੇ ਤੋਂ ਕੰਮ ਲਿਆ। ਦੋ ਡੱਬੇ ਬਹੁਤ ਹਨ ਕਹਿ ਕੇ ਬਸ ਕੀਤੀ ਤੇ ਏਸ ਤਰ੍ਹਾਂ ਸਾਬਣ ਵੀ ਕਾਫ਼ੀ ਚਾਹੀਦਾ ਸੀ। ਉਹ ਵੀ ਘਟ ਹੀ ਖ਼ਰੀਦ ਕੀਤਾ। ਸਬਜ਼ੀ ਵਲ ਵੀ ਘਟ ਹੀ ਮੂੰਹ ਕੀਤਾ। ਬਹੁਤਾ ਡਰ ਇਹੋ ਕਿ ਖ਼ਬਰਿਆ ਜਹਾਜ਼ ਵਿਚ ਰੋਟੀ ਖਾ ਵੀ ਹੋਵੇ ਕਿ ਨਾ। ਫਲਾਂ ਦਾ ਤਾਂ ਨਾਂ ਹੀ ਨਾ ਲਿਆ। ਦਰਅਸਲ ਸੂਮਪੁਣੇ ਦੇ ਘਰ ਵਿਚ ਬੈਠੇ ਸੀ।

ਵਿਹਲੇ ਹੋ ਕੇ ਚਿਤ ਵਿਚ ਆਇਆ ਚਲੋ ਬੰਦਰ ਦੀ ਸੈਰ ਵੀ ਕਰ ਆਈਏ। ਬੰਦਰ ਬਾਜ਼ਾਰ ਦੇ ਨਾਲ਼ ਹੀ ਹੈ। ਪੁੱਛਦੇ-ਪੁਛਾਉਂਦੇ ਗੋਦੀ ਦੇ ਅੰਦਰ ਚਲੇ ਗਏ। ਸਭ ਤੋਂ ਪਹਿਲੇ ਬਹੁਤ ਵੱਡਾ ਰਾਵਲਪਿੰਡੀ ਜਹਾਜ਼ ਦੇਖਿਆ। ਹੈਰਾਨ ਹੋ ਗਏ। ਤੇ ਡਰ ਵੀ ਲੱਗੇ ਕਿਵੇਂ ਪਾਣੀ ਵਿਚ ਤਰ ਕੇ ਐਨੇ ਸੈਂਕੜੇ ਮੀਲਾਂ ਦੀ ਵਾਟ ਕਰਾਂਗੇ। ਜਿਉਂ ਜਿਉਂ ਪਾਣੀ ਦੇ ਕੰਢੇ ਵਲ ਵਧੇ, ਦਿਲ ਵੀ ਜ਼ਿਆਦਾ ਹੀ ਗ਼ੋਤੇ ਖਾਣ ਨੂੰ ਕਾਹ਼ਲਾ ਪੈਂਦਾ ਜਾਵੇ। ਦੇਖ-ਚਾਖ ਕੇ ਵਾਪਸ ਓਸ ਅੰਨ੍ਹੇਰੇ ਕਮਰੇ ਵਿਚ ਆ ਵੜੇ।

ਮੇਰੇ ਪਾਸ 7 x 5 ਇੰਚ ਦਾ ਅਮਰੀਕਨ ਕੈਮਰਾ ਸੀ। ਨਾਲ਼ ਸਟੈਂਡ ਵੀ ਸੀ ਤੇ ਹੈਟ ਵੀ। ਸਲਾਈਡ ਬੜਾ ਹਲਕਾ ਜਿਹਾ। ਖ਼ਿਆਲ ਆਇਆ ਚਲੋ ਇਕ ਡੱਬਾ 1/2 (ਨੈਗਟਿਵ) ਪਲੇਟਾਂ ਦਾ ਹੀ ਲੈ ਲਈਏ। ਸਾਢੇ ਤਿੰਨ ਰੁਪਏ ਦਾ ਖ਼ਰੀਦ ਲਿਆ (1/2 ਨੈਗਟਿਵ)। ਦੁਕਾਨਦਾਰ ਨੂੰ ਹੀ ਕਿਹਾ: ਇਕ ਪਲੇਟ ਲੋਡ ਕਰ ਦਿਓ। ਉਹ ਸਾਨੂੰ ਡਾਰਕਰੂਮ ਵਿਚ ਲੈ ਗਿਆ। ਇਕ ਆਦਮੀ ਨੇ ਡੱਬਾ ਖੋਲ੍ਹਿਆ ਤੇ ਡੱਬਾ ਹੱਥੋਂ ਡਿਗ ਪਿਆ। ਪਲੇਟ ਟੁਟ ਗਏ। ਉਹਨੇ ਸਾਨੂੰ ਹੋਰ ਡੱਬਾ ਦਿੱਤਾ। ਫ਼ੋਟੋ ਰਸਤੇ ਵਿਚ ਕੋਈ ਨਾ ਲਈ, ਕਿਉਂਕਿ ਕੈਮਰਾ ਅਜੇ ਅਧੂਰਾ ਸੀ। ਇਹ ਕੈਮਰਾ ਭਾਈ ਮਨਸ਼ਾ ਸਿੰਘ ਬੋਪਾਰਾਏ ਪਾਸੋਂ 10 ਰੁ: ਦਾ ਲਿਆ ਸੀ।

ਅਗਲੇ ਦਿਨ ਹੁਕਮ ਹੋਇਆ - ਸਵੇਰੇ ਦਸ ਵਜੇ ਡਾਕਟਰੀ ਕਰਵਾਉਣ ਵਾਸਤੇ ਜਾਣਾ ਹੈ। ਨਵੇਂ ਲੋਕ ਕਾਫ਼ੀ ਸਨ। ਡਾਕਟਰ ਨੇ ਛਾਤੀ ਤਕ ਕਮੀਜ਼ਾਂ ਉਤਰਵਾਈਆਂ। ਹੱਥ ਲਾ ਕੇ ਦੇਖਦੇ ਜਾਣ ਤੇ ਸਾਡੀਆਂ ਬਾਹਵਾਂ 'ਤੇ ਮੋਹਰਾਂ ਲਾਉਂਦੇ ਜਾਣ। ਸਾਰੇ ਪਾਸ ਹੋ ਗਏ।

ਸਮੁੰਦਰ ਦੇ ਕੰਢੇ ਫਿਰਦਿਆਂ ਗੁੱਜਰ ਸਿੰਘ ਦਾ ਦਿਲ ਬਹੁਤਾ ਪਾਣੀ ਦੇਖ ਕੇ ਡੋਲ ਗਿਆ। ਕਹਿਣ ਲੱਗਾ: "ਮੈਂ ਤਾਂ ਅੱਗੇ ਨਹੀਂ ਜਾਣਾ। ਘਰ ਨੂੰ ਅੱਜ ਹੀ ਰਾਤ ਦੀ ਗੱਡੀ ਮੁੜ ਜਾਊਂਗਾ।" ਮੈਂ ਕਿਹਾ: "ਲੈ ਤਾਂ ਮੁੜਨ ਦਾ ਨਾਂ, ਜੇ ਤੈਨੂੰ ਸਮੁੰਦਰ ਚ ਧੱਕਾ ਨਾ ਦੇ ਦਿੱਤਾ ਜਾਂ।" ਫੇਰ ਵਾਜੇ ਵਾਸਤੇ ਟਰੰਕ ਵੀ ਲੈ ਲਿਆ।

ਮੈਂ ਵੀ ਪਾਣੀ ਦੇਖ ਕੇ ਅੰਦਰੋਂ ਘਾਬਰਾਂ। ਪਰ ਉਪਰੋਂ ਹੱਸਾਂ। ਮੈਂ ਕਿਹਾ: "ਮਰ ਗਿਆਂ ਵੇਲੇ ਗਊ ਦਾਨ ਕਰਾਉਂਦੇ ਹਨ, ਤਾਂ ਕਿ ਬੰਦਾ ਗਊ ਦੀ ਪੂਛ ਫੜ ਕੇ ਬੈਤਰਨੀ ਨਦੀ ਪਾਰ ਕਰ ਲਏ। ਪਰ ਇਹ ਤਾਂ ਬੜਾ ਬੇੜਾ ਹੈ। ਇਹਦੀ ਪੂਛ ਫੜਨ ਦੀ ਤਾਂ ਲੋੜ ਨਹੀਂ। ਪਰ ਜੁੱਤੀ ਸਣੇ ਇਸ ਵਿਚ ਬੈਠ ਜ਼ਰੂਰ ਜਾਣਾ ਹੈ।"

ਹੱਸਦੇ ਖੇਡਦੇ ਘੋੜੇਗੱਡੀ ਵਿਚ ਬੈਠੇ। ਨਾਲ਼ ਸਿੰਘ ਸਭਾ ਦਾ ਸੇਵਾਦਾਰ ਵੀ; ਜੋ ਕੰਮਕਾਰ ਕਰਨਾ ਸੀ, ਪਾਸਪੋਰਟਾਂ 'ਤੇ ਮੋਹਰਾਂ ਲਗਣੀਆਂ ਸਨ, ਲੁਆ ਲਿਆਇਆ। ਕਸਟਮ ਵੀ ਦੇ ਆਇਆ। ਸਾਨੂੰ ਜਹਾਜ਼ ਦੇ ਮੂਹਰੇ ਜਾ ਖੜ੍ਹਾ ਕੀਤਾ। ਲੋਹੇ ਦੀਆਂ ਚਾਦਰਾਂ ਦੀ ਛੱਤ ਹੇਠ ਅਸੀਂ ਖੜ੍ਹੇ ਵੈਸੇ ਵੀ ਗਰਮੀਓਂ-ਗਰਮੀ ਹੋ ਰਹੇ ਸੀ। ਪਰ ਜੋ ਸਾਡਾ ਅੰਦਰਲਾ ਭਰਮ ਸਾਨੂੰ ਮਾਰੀ ਜਾ ਰਿਹਾ ਸੀ, ਉਸਦੀ ਗਰਮੀ ਸਾਨੂੰ ਬਹੁਤ ਤਪਾ ਰਹੀ ਸੀ। ਪਿਆਸ ਵੀ ਲੱਗੇ, ਪਰ ਪਾਣੀ ਕਿਤੇ ਨੇੜੇ ਦਿਸੇ ਨਾ, ਭਾਵੇਂ ਬੇਹਿਸਾਬੇ ਪਾਣੀ ਦੇ ਕੰਢੇ ਖੜ੍ਹੇ ਸੀ। ਹੁਕਮ ਹੋਇਆ: "ਪਾਸਪੋਰਟ ਹੱਥਾਂ ਵਿਚ ਫੜ ਲਓ।"

ਫੜ ਲਏ। ਮੈਂ ਅੱਗੇ ਸੀ।

ਗੇਟਕੀਪਰ ਨੇ ਮੈਤੋਂ ਪੁੱਛਿਆ: ਕਿਧਰ ਜਾਉਗੇ?

– ਨੈਰੋਬੀ। – ਕਯਾ ਕਾਮ ਕਰਨੇ ਜਾ ਰਹਾ ਹੈ?

– ਤਰਖਾਨਾ।

– ਕਿਸ ਕੇ ਪਾਸ?

– ਫੁੰਮਣ ਸਿੰਘ ਤਰਲੋਕ ਸਿੰਘ ਫ਼ਰਨੀਚਰ ਮੇਕਰ ਕੇ ਪਾਸ।

ਮੋਹਰ ਲਗ ਗਈ ਤੇ ਨਾਲ਼-ਦਿਆਂ ਦਾ ਕੰਮ ਮੇਰੇ ਨਾਲ਼ ਪਾਰ ਹੋ ਗਿਆ। ਅਸੀਂ ਫੱਟੇ ਉੱਤੇ ਪੈਰ ਧਰ ਕੇ ਜਹਾਜ਼ ਦੇ ਅੰਦਰ ਜਾ ਦਾਖ਼ਲ ਹੋਏ। ਸਾਡਾ ਸਾਮਾਨ ਪਹਿਲੇ ਜਾ ਚੁੱਕਾ ਸੀ। ਸਾਡੇ ਅੰਦਰ ਵੜਦਿਆਂ ਹੀ ਡਰ-ਡੁਕਰ ਸਭ ਪਤਾ ਨਹੀਂ ਕਿਥੇ ਚਲੇ ਗਏ। ਖ਼ੁਸ਼ ਹੋ ਗਏ। ਪਹਿਲੀ ਵੇਰ ਚੱਲੇ ਕਰਕੇ ਹਰ ਗੱਲ ਤੋਂ ਅਣਜਾਣ ਸੀ। ਕਿੱਥੇ ਸਾਮਾਨ ਰੱਖਣਾ ਹੈ ਤੇ ਕਿੱਥੇ ਬਿਸਤਰੇ ਲਾਉਣੇ ਹਨ। ਸਾਡਾ ਸਾਮਾਨ ਹੇਠਲੀ ਛੱਤ ਵਿਚ ਕੁਲੀ ਰਖ ਆਏ। ਓਥੇ ਦੀਵਾਰ ਨਾਲ਼ ਫੱਟੇ ਲੱਗੇ ਹੋਏ ਸਨ, ਜਿਸ ਉੱਤੇ ਚਾਰ ਬਿਸਤਰੇ ਖੁੱਲ੍ਹੇ ਲਗ ਸਕਦੇ ਸਨ। ਚੌਹੀਂ ਪਾਸੀਂ ਚਾਰ ਐਂਚੀ-ਐਂਚੀ ਮੋਟੇ ਸਰੀਏ ਲਾ ਕੇ ਫੱਟੇ ਲਟਕਾਏ ਹੋਏ ਸਨ। ਅਸੀਂ ਅਪਣਾ ਸਾਮਾਨ ਓਥੇ ਪਿਆ ਦੇਖਿਆ ਤੇ ਖ਼ਾਲੀ ਫੱਟੇ ਉੱਤੇ ਚੁਕ ਕੇ ਬਿਸਤਰੇ ਕਰ ਲਏ। ਉਸ ਕਮਰੇ ਵਿਚ ਸਾਰਿਆਂ ਫੱਟਿਆਂ ਉੱਤੇ ਕੱਛਣਾਂ ਗੁਜਰਾਤਣਾਂ ਤੀਵੀਂਆਂ ਹੀ ਤੀਵੀਂਆਂ ਸਨ। ਅਸੀਂ ਹੀ ਸਿਰਫ਼ ਚਾਰ ਮਰਦ ਸੀ। ਖ਼ੈਰ, ਹਵਾ ਵਾਸਤੇ ਉਪਰੋਂ ਪਾਈਪ ਸੀ ਤੇ ਜਹਾਜ਼ ਵਿੱਚੋਂ ਪੱਖਿਆਂ

ਨਾ.ਲ ਹਵਾ ਵੀ ਦਿੱਤੀ ਜਾ ਰਹੀ ਸੀ। ਬੱਤੀਆਂ ਚੌਵੀ ਘੰਟੇ ਬ.ਲਦੀਆਂ ਰਹਿੰਦੀਆਂ ਸਨ। ਸਾਡੇ ਜਹਾਜ਼ ਦਾ ਵਜ਼ਨ 5 ਹਜ਼ਾਰ ਟਨ ਸੀ ਅਤੇ ਨਾਂ ਸੀ – ਐੱਸ ਐੱਸ ਅਲੋਰਾ।

ਅਸੀਂ ਅਪਣੇ ਦੇਸ ਤੋਂ ਪਹਿਲੀ ਵੇਰ 6.3.29 ਸ਼ਾਮ ਦੇ ਚਾਰ ਵਜੇ ਵਿਛੜੇ। ਦਿਲ ਜ਼ਰੂਰ ਡੁੱਬਦਾ ਜਾਂਦਾ ਸੀ, ਪਰ ਕੀ ਕਰਦੇ? ਦੇਸ ਵਿਚ ਖਾਣ ਨੂੰ ਰੋਟੀ ਨਹੀਂ ਸੀ ਮਿ.ਲਦੀ। ਆਖ਼ਰ ਜਹਾਜ਼ ਨੇ ਵਿਸਲ ਦਿੱਤਾ, ਜਿਸ ਦੀ ਆਵਾਜ਼ ਬੜੀ ਭਾਰੀ ਸੀ। ਜਹਾਜ਼ ਨਾ.ਲੋਂ ਪੌੜੀਆਂ ਹਟਾ ਲਈਆਂ ਗਈਆਂ ਅਤੇ ਲੋਕਾਂ ਦੀ ਰੀਸੋ-ਰੀਸੀ ਅਸੀਂ ਜਹਾਜ਼ ਦੇ ਜੰਗ.ਲੇ ਨਾ.ਲ ਲਗ ਕੇ ਲੋਕਾਂ ਦੀ ਰੌਣਕ ਤੇ ਬੰਬਈ ਦਾ ਨਜ਼ਾਰਾ ਦੇਖਣ ਲਗ ਪਏ। ਜਹਾਜ਼ ਗੋਦੀ ਵਿੱਚੋਂ ਨਿੱਕੇ-ਜਿਹੇ ਜਹਾਜ਼ ਨੇ ਖਿਚ ਕੇ ਆਸਤੇ-ਆਸਤੇ ਬਾਹਰ ਕੱਢਿਆ। ਇਕ ਮੋਟਰਾਂ ਵਾਸਤੇ ਪੁ.ਲ ਵੀ ਸੀ। ਉਹ ਵੀ ਉਪਰ ਨੂੰ ਸਫਾ.ਲ ਖੜ੍ਹਾ ਹੋ ਗਿਆ, ਜਿਸਨੇ ਸਾਡੇ ਬੇੜੇ ਨੂੰ ਰਸਤਾ ਦੇ ਦਿੱਤਾ ਤੇ ਸਾਡਾ ਬੇੜਾ ਨਿੰਮੀ-ਨਿੰਮੀ ਚਾਲੇ ਪਾਣੀ ਵਿਚ ਨੂੰ ਵਧਣ ਲੱਗਾ, ਕਿਉਂਕਿ ਜਹਾਜ਼ ਦਾ ਮੂੰਹ ਪਹਿਲੇ ਅੰਦਰ ਨੂੰ ਸੀ; ਓਸੇ ਤਰ੍ਹਾਂ ਹੀ ਖਿਚਕੇ ਬਾਹਰ ਲਿਆਂਦਾ ਗਿਆ ਸੀ। ਜਿਉਂ-ਜਿਉਂ ਪਾਣੀ ਡੂੰਘਾ ਹੁੰਦਾ ਜਾਂਦਾ ਸੀ, ਤਿਉਂ-ਤਿਉਂ ਜਹਾਜ਼ ਵੀ ਤੇਜ਼ ਸਪੀਡ ਫੜਦਾ ਜਾਂਦਾ ਸੀ। ਆਖ਼ਰ ਸਾਡੇ ਬੀਬੇ ਰਾਣੇ ਅਲੋਰੇ ਜਹਾਜ਼ ਦਾ ਮੂੰਹ ਸੂਰਜ ਨੂੰ ਸਾਹਮਣਾ ਹੋ ਗਿਆ। ਕੁਝ ਘੰਟਿਆਂ ਵਿਚ ਬੰਬਈ ਸਾਡੀਆਂ ਅੱਖਾਂ ਤੋਂ ਓਝਲ ਹੁੰਦੀ ਜਾ ਰਹੀ ਸੀ ਤੇ ਰਾਤ ਰਾਣੀ ਵੀ ਅਪਣੀ ਤਾਰਿਆਂ-ਭਰੀ ਚਾਦਰ ਵਿਛਾਈ ਜਾ ਰਹੀ ਸੀ। ਅੰਤ ਰਾਤ ਪੂਰੇ ਜੋਬਨ ’ਤੇ ਆ ਗਈ। ਅਸੀਂ ਅਣਜਾਣ ਸੀ ਤੇ ਸੀ ਵੀ ਹੇਠਲੇ ਕਮਰੇ ਵਿਚ। ਏਸ ਵਾਸਤੇ ਨਾ ਤਾਂ ਸਾਨੂੰ ਰੋਟੀ ਦੀ ਹੋਸ਼ ਰਹੀ ਤੇ ਨਾ ਹੀ ਚਾਹ ਦੀ। ਇਕ ਦੂਜੇ ਵਲ ਦੇਖਦੇ ਚੁਪ ਕਰਕੇ ਦਿਨ ਦੀ ਖਾਧੀ ਰੋਟੀ ਚੇਤੇ ਕਰਕੇ ਅੱਖਾਂ ਮੀਟਣ ਦੀ ਕੋਸ਼ਿਸ਼ ਕਰੀਏ। ਪਰ ਅੱਖਾਂ ਵਿਚ ਨੀਂਦ ਨਹੀਂ ਸੀ। ਸਾਡੇ ਕਮਰੇ ਵਿਚ ਔਰਤਾਂ ਅਪਣੇ ਰਾਗ-ਰੰਗ ਵਿਚ ਮਸਤ ਸਨ। ਪੰਜਾਬੀ ਸਾਰੇ ਉਪਰ ਸਨ।

ਮੁਲਕ ਮਾਹੀ ਦਾ ਵਸਦਾ ਸੀ। ਕੋਈ ਰੋਂਦਾ ਤੇ ਕੋਈ ਹੱਸਦਾ ਸੀ।

ਕਈ ਉ.ਲਟੀਆਂ ਕਰ ਰਹੇ ਸਨ ਤੇ ਕਈ ਤਿਆਰੀ ਵਿਚ ਸਨ। ਅੱਧੀ ਰਾਤ ਗੱਪਾਂ ਮਾਰਦੇ ਰਹੇ। ਆਖ਼ਰ ਅਪਣੇ ਟਿਕਾਣੇ ’ਤੇ ਜਾਣਾ ਹੀ ਪਿਆ। ਤਿੰਨ-ਕੁ ਵੱਜੇ ਹੋਣਗੇ ਕਿ ਪਾਣੀ ਦੇ ਨ.ਲਕਿਆਂ ’ਤੇ ਇਸ਼ਨਾਨ ਵਾਲ਼ਿਆਂ ਦੀ ਰੌਣਕ ਲਗ ਗਈ। ਅਸੀਂ ਵੀ ਖੜਕਾ ਸੁਣ ਕੇ ਉਠ ਬੈਠੇ। ਨੀਂਦ ਤਾਂ ਘਟ ਹੀ ਆਈ ਸੀ। ਜਦ ਵੀ ਪਾਣੀ ਦੀ ਵੱਡੀ-ਸਾਰੀ ਛੱਲ ਦਾ ਖੜਕਾ ਹੁੰਦਾ, ਅਸੀਂ ਤ੍ਰਭਕ ਉਠਦੇ।

ਲੋਕਾਂ ਵਲ ਦੇਖ-ਦੇਖ ਅਸੀਂ ਵੀ ਕੰਮ ਕਰਨ ਲਗ ਪਏ। ਅੰਗੀਠੀ ਮਘਾਈ; ਰੋਟੀਆਂ ਵੀ ਪਕਾਈਆਂ; ਕੁਝ ਦਾ.ਲ ਵੀ ਬਣਾਈ। ਵਿਹਲੇ ਹੋ ਕੇ ਫਿਰ ਦੂਜਿਆਂ ਨਾ.ਲ ਮਜ਼ਾਕ ਮਾਰਨ ਲਗ ਪਏ। ਇਕ ਰਾਤ ਉਪਰ ਪੰਜਾਬੀਆਂ ਦੀ ਮਹਿਫ਼ਲ ਲੱਗੀ ਹੋਈ ਸੀ। ਖ਼ੂਬ ਹਾਸਾ-ਠੱਠਾ ਚਲ ਰਿਹਾ ਸੀ। ਇਕ ਜਣੇ ਨੂੰ ਪਤਾ ਸੀ ਕਿ ਮੇਰੇ ਪਾਸ ਹਾਰਮੋਨੀਅਮ ਹੈ। ਉਹ ਖਹਿੜੇ ਪੈ ਗਏ। ਵਿਚ ਝਿੰਗੜਾਂ ਦਾ ਠਾਣੇਦਾਰ ਕਰਤਾਰ ਸਿੰਘ ਵੀ ਸੀ। ਵਾਜਾ ਮੈਂ ਹੇਠੋਂ ਲੈ ਆਇਆ ਤੇ ਰਾਗ-ਰੰਗ ਸ਼ੁਰੂ ਹੋ ਗਿਆ।

...

ਜਹਾਜ਼ ਵਿਚ ਬੈਠਿਆਂ ਨੂੰ ਛੇ ਦਿਨ ਹੋ ਗਏ ਸਨ। ਚਿਤ ਅਕ.ਲੁਕਾਨ ਪੈ ਰਿਹਾ ਸੀ। ਮੈਂ ਖਲਾਸੀ

ਅਸੀਂ ਪੁੱਛਿਆ: "ਜਹਾਜ਼ ਮੁੰਬਾਸੇ ਕਦੋਂ ਲੱਗੇਗਾ?" ਉਹਨੇ ਦੱਸਿਆ ਕਿ ਪਹਿਲਾਂ ਜ਼ੰਜ਼ੀਬਾਰ ਜਾਣਾ ਹੈ। ਉਪਰ ਸਾਬਣ, ਪਿਆਜ਼ ਤੇ ਖੰਡ ਲੱਦੀ ਹੋਈ ਹੈ, ਉਹ ਉਤਾਰ ਕੇ ਬਾਰਾਂ ਘੰਟਿਆਂ ਮਗਰੋਂ ਮੁੰਬਾਸੇ ਪਹੁੰਚ ਜਾਏਗਾ।

ਸਵੇਰੇ ਅੱਠ ਵਜੇ ਜ਼ੰਜ਼ੀਬਾਰ ਦੇ ਜਹਾਜ਼ੀ ਆ ਗਏ। ਬਹੁਤ ਕਾਲ਼ੇ, ਮੋਟੇ-ਮੋਟੇ ਬੁੱਲ੍ਹਾਂ ਵਾਲ਼ੇ ਦੇਖ ਕੇ ਡਰ ਤਾਂ ਲੱਗਾ, ਪਰ ਪਹਿਲੀ ਵਾਰੀ ਹਬਸ਼ੀਆਂ ਨੂੰ ਦੇਖ ਕੇ ਹੈਰਾਨੀ ਜ਼ਰੂਰ ਹੋਈ। ਇਨ੍ਹਾਂ ਆਉਂਦਿਆਂ ਹੀ ਜਹਾਜ਼ ਦੇ ਦੋਹੀਂ ਪਾਸੀਂ ਲੱਗੇ ਕਰੇਨਾਂ ਉੱਤੇ ਕਬਜ਼ਾ ਕਰ ਲਿਆ ਤੇ ਲੱਗੇ ਕਰੇਨ ਖੜਾਖੜ ਚਲਣ। ਦੋਹੀਂ ਪਾਸੀਂ ਬਹੁਤ ਵੱਡੇ-ਵੱਡੇ ਬੇੜੇ ਖੜ੍ਹੇ ਸਨ, ਜਿਨ੍ਹਾਂ ਵਿਚ ਸਾਮਾਨ ਲੱਦਿਆ ਜਾ ਰਿਹਾ ਸੀ। ਨਿੱਕੇ-ਨਿੱਕੇ ਜਹਾਜ਼ ਉਨ੍ਹਾਂ ਨੂੰ ਖਿਚ ਕੇ ਕੰਢੇ ਉੱਤੇ ਲੈ ਜਾਂਦੇ ਸਨ।

ਰਾਤ ਪੈ ਗਈ। ਸੌਂ ਗਏ ਤੇ ਮੁੰਬਾਸੇ ਦੇ ਸੁਪਨੇ ਦੇਖਣ ਲੱਗੇ।

13.3.29 ਨੂੰ ਸਵੇਰੇ ਛੇ ਕੁ ਵਜੇ ਸਾਡਾ ਜਹਾਜ਼ ਗੋਦੀ ਤੋਂ ਅਪਣੇ ਖੜ੍ਹੇ ਹੋਣ ਵਾਲ਼ੀ ਜਗ੍ਹਾ 'ਤੇ ਆ ਕੇ ਆਸਤੇ-ਆਸਤੇ ਚਲ ਰਿਹਾ ਸੀ। ਇਕ ਪਾਸੇ ਬਾਹਰ ਨੂੰ ਫੱਟਾ ਵਧਾ ਕੇ ਜਹਾਜ਼ੀ ਹੱਥ ਵਿਚ 'ਲਾਂ' (ਲੰਮੀ ਰੱਸੀ) ਜਿਸ ਦੇ ਸਿਰੇ ਭਾਰ ਬੱਧਾ ਹੋਇਆ ਸੀ, ਪਾਣੀ ਵਿਚ ਸੁਟ ਕੇ ਉੱਚੀ ਬੋਲ ਕੇ ਉਪਰ ਬੈਠੇ ਪਾਇਲਟ ਨੂੰ ਦਸ ਰਿਹਾ ਸੀ – ਐਨੀ ਦੂਰ ਹੇਠਾਂ ਨੂੰ ਪਾਣੀ ਹੈ। – ਘਟ ਪਾਣੀ ਵਿਚ ਜਹਾਜ਼ ਫਸ ਜਾਣ ਦਾ ਡਰ ਹੁੰਦਾ ਹੈ।

ਆਖ਼ਰ ਮੁੰਬਾਸਾ ਪੋਰਟ ਦਾ ਛੋਟਾ ਜਹਾਜ਼ ਆ ਗਿਆ। ਉਹਦਾ ਪਾਇਲਟ ਰੱਸਿਆਂ ਦੀ ਪੌੜੀ ਨਾਲ਼ ਸਾਡੇ ਜਹਾਜ਼ 'ਤੇ ਚੜ੍ਹ ਗਿਆ ਤੇ ਜਹਾਜ਼ ਦਾ ਸਟੇਰਨ ਅਪਣੇ ਹੱਥ ਲੈ ਲਿਆ ਤੇ ਖੁੱਲ੍ਹੀ ਗੋਦੀ ਵਿਚ ਜਹਾਜ਼ ਲਜਾ ਕੇ ਖੜ੍ਹਾ ਕਰ ਦਿੱਤਾ। ਓਦੋਂ ਮੁੰਬਾਸੇ ਦੀ ਬੰਦਰਗਾਹ ਹਾਲੇ ਬਣ ਰਹੀ ਸੀ।

ਕਈਆਂ ਦੇ ਦੋਸਤ ਮਿਤਰ ਬੇੜੀਆਂ ਵਿਚ ਬੈਠ ਕੇ ਮਿਲਣ ਆਏ। ਹੇਠਾਂ ਖੜ੍ਹੇ ਰੁਮਾਲ ਹਲਾਉਣ ਤੇ ਇਸ਼ਾਰਿਆਂ ਨਾਲ਼ ਰਾਜ਼ੀਖ਼ੁਸ਼ੀ ਪੁੱਛਣ। ਪਰ ਅਸੀਂ ਕੀਹਦੀ ਉਡੀਕ ਕਰਨੀ ਸੀ। ਵਗ ਵਿਚ ਗੁਆਚੀ ਵੱਛੀ ਦਾ ਹਿਸਾਬ ਸੀ। ਜਿਧਰ ਮੂੰਹ ਆਇਆ ਤੁਰ ਪਏ। ਜੰਗ਼ਲੇ ਨਾਲ਼ ਲਗ ਕੇ ਖੜ੍ਹੇ ਰਹੇ। ਹੱਸਦਿਆਂ ਨੂੰ ਦੇਖ ਕੇ ਹੱਸਣ ਲਗ ਪੈਣਾ।

ਸਾਰੇ ਲੋਕ ਡਾਕਟਰ ਸਾਹਮਣੇ ਲਾਈਨਾਂ ਵਿਚ ਖੜ੍ਹੋ ਗਏ। ਹਰ ਕਿਸੇ ਦੇ ਢਿੱਡ ਨੂੰ ਹੱਥ ਲਾ ਕੇ ਦੇਖੀ ਜਾਏ। ਸਭ ਅੱਛਾ ਦੀ ਮੋਹਰ ਵਾਲ਼ੀ ਪਰਚੀ ਦੇਈ ਜਾਏ। ਅੱਗੇ ਇਮੀਗ੍ਰੇਸ਼ਨ ਵਾਲ਼ੇ ਅਪਣਾ ਅੱਡਾ ਜਮਾਈ ਬੈਠੇ ਸਨ। ਉਹ ਪਾਸਪੋਰਟਾਂ 'ਤੇ ਮੋਹਰ ਲਾਈ ਜਾਣ ਤੇ ਕਾਰਡ-ਜਿਹਾ ਫੜਾਈ ਜਾਣ – TO LAND ਧਰਤੀ ਉਪਰ ਜਾ ਸਕਦੇ ਹੋ। ਅਸੀਂ ਅਪਣਾ ਸਾਮਾਨ ਚੁਕ ਕੇ ਪੌੜੀ ਥਾਣੀਂ ਉਤਰ ਕੇ ਬੇੜੀ ਵਿਚ ਬੈਠ ਗਏ ਤੇ ਕਸਟਮ ਸ਼ੈੱਡ ਵਿਚ ਪੁਜ ਗਏ। ਸਾਮਾਨ ਖੋਲ੍ਹ ਦਿੱਤਾ। ਕਲਰਕ ਨੇ ਚਾਕ ਨਾਲ਼ ਦਸਖ਼ਤ ਕਰ ਦਿੱਤੇ। ਅਸੀਂ ਅਣਜਾਣ ਸੀ। ਸਾਨੂੰ ਰਸਤੇ ਪਾਉਣ ਵਾਲ਼ਾ ਕੋਈ ਨਾ ਮਿਲ਼ੇ। ਆਖ਼ਰ ਮੋਰਿੰਡੇ ਦਾ ਹਰੀ ਸਿੰਘ ਕੁਸ਼ਨਮੇਕਰ ਮਿਲ਼ ਪਿਆ। ਸਾਨੂੰ ਕਿਹਾ: ਆਪਾਂ ਮੋਟਰ ਕਰ ਲੈਂਦੇ ਹਾਂ। – ਅਸੀਂ ਕਲਿੰਡਨੀ ਗੁਰਦੁਆਰੇ ਪੁਜ ਗਏ, ਜੋ ਪੁਰਾਣੇ ਢੰਗ ਦਾ ਲਕੜੀ ਦਾ 1898 ਦਾ ਬਣਿਆ ਹੋਇਆ ਸੀ। ਪੰਜਾਬ ਦੇ ਕਾਰੀਗਰਾਂ ਨੇ ਇਹ ਸਭ ਤੋਂ ਪਹਿਲਾਂ ਬਣਾਇਆ ਸੀ।

ਗੱਡੀ ਵਲ਼-ਵਲ਼ੇਵੇਂ ਖਾਂਦੀ ਆਖ਼ਰ ਨੈਰੋਬੀ ਛੱਤੇ ਹੋਏ ਸਟੇਸ਼ਨ ਪਹੁੰਚ ਗਈ। ਏਥੋਂ ਦੇ ਵੀ ਅਸੀਂ ਅਣਜਾਣੂ ਸੀ। ਕੋਈ ਮੱਖਣ ਸਿੰਘ ਭੇਰੇ ਵੱਲ ਦਾ ਗੱਡੀਆਂ 'ਤੇ ਭਾਰ ਢੋਂਦਾ ਹੁੰਦਾ ਸੀ। ਉਹਨੂੰ ਸਾਮਾਨ ਚੁਕਾਇਆ ਤੇ ਪਤਾ ਦਸ ਕੇ ਉਹਦੇ ਨਾਲ਼ ਤੁਰ ਪਏ। ਇਹਨੇ ਸਾਨੂੰ ਤੋਰ ਦੁਆਬਾ ਟੇਲਰਿੰਗ ਹਾਉਸ ਦੇ ਅੱਗੇ ਜਾ ਖੜ੍ਹਾ ਕੀਤਾ।

ਦੁੱਖਾਂ ਤੇ ਫ਼ਿਕਰਾਂ ਨੂੰ ਤਾਂ ਨਾਲ਼ ਲੈ ਕੇ ਗਏ ਸੀ। ਸਾਡੇ ਵਾਲ਼ੇ ਜਹਾਜ਼ ਹੀ ਡਾਕ ਜਾਣੀ ਸੀ। ਓਦੋਂ ਹਵਾਈ ਡਾਕ ਨਹੀਂ ਸੀ ਚਾਲੂ ਹੋਈ। ਦੁਪਹਿਰੇ ਦੋ ਵਜੇ ਤੋਂ ਪਿੱਛੋਂ ਗੁੱਜਰ ਸਿੰਘ ਨੂੰ ਕਿਸੇ ਹੋਰ ਪਤੇ ਉੱਤੇ ਚਿੱਠੀ ਮਿਲ਼ ਗਈ ਕਿ ਜਿਸ ਦਿਨ ਤੁਸੀਂ ਗਏ ਹੋ, ਓਸੇ ਦਿਨ ਸਵੇਰੇ ਹੀ ਮਾਮੇ ਹੋਰੀਂ (ਗੋਂਦਾ ਸਿੰਘ ਵਿਰਦੀ ਪਿੰਡ ਸ਼ੰਕਰ) ਅਕਾਲ ਚਲਾਣਾ ਕਰ ਗਏ। ਮੇਰੇ ਉਸਤਾਦ ਗੁੱਜਰ ਸਿੰਘ ਦੇ ਮਾਮਾ ਜੀ ਸਨ। ਚਿੱਠੀ ਪੜ੍ਹ ਕੇ ਜਿਵੇਂ ਮੈਂ ਯਤੀਮ ਹੋ ਗਿਆ...।

ਕੁਝ ਦਿਨਾਂ ਮਗਰੋਂ ਮੈਂ ਰੇਲਵੇ ਹੈੱਡਕੁਆਰਟਰ ਕੰਮ 'ਤੇ ਲਗ ਗਿਆ।

# ਫ਼ਰੇਮ ਕੀਤਾ ਵਕਤ



ਸਭ ਤਸਵੀਰਾਂ ਅਸਪੱਸ਼ਟ (ਐਂਬੀਗੀਉਸ) ਹੁੰਦੀਆਂ ਹਨ। ਕਿਸੇ ਵੀ ਤਸਵੀਰ ਨੂੰ ਦੇਖ ਕੇ ਤੁਸੀਂ ਇਹ ਨਹੀਂ ਦਸ ਸਕਦੇ ਕਿ ਇਹ ਕਿਸ ਹਾਲਤ ਵਿਚ ਖਿਚੀ ਗਈ ਹੋਏਗੀ ਤੇ ਸਭ ਤੋਂ ਵਧ ਅਸਪੱਸ਼ਟ ਗੱਲ ਤਾਂ ਇਹ ਹੁੰਦੀ ਹੈ ਕਿ ਇਸਤੋਂ ਇਹਦੇ ਖਿਚਣ ਜਾਂ ਬਣਾਉਣ ਵਾਲ਼ੇ ਦਾ ਕਦੀ ਵੀ ਪਤਾ ਨਹੀਂ ਲਗ ਸਕਦਾ, ਕਿਉਂਕਿ ਉਹ ਤਸਵੀਰ ਚ ਤਾਂ ਕਦੇ ਹੋ ਨਹੀਂ ਸਕਦਾ ਸੀ; ਪਰ ਤਾਂ ਵੀ ਤਸਵੀਰ ਵਿਚ ਹਾਜ਼ਿਰ ਰਹਿੰਦਾ ਹੈ – ਅਪਣੀ ਨਜ਼ਰ ਰਾਹੀਂ। (ਇਹ ਗੱਲ ਖ਼ੁਦਰੌਂ ਕੈਮਰੇ ਨਾ਼ਲ ਖਿਚੀ ਤਸਵੀਰ 'ਤੇ ਨਹੀਂ ਢੁਕਦੀ।) ਪਰ ਜੇ ਤੁਹਾਨੂੰ ਇਹ ਦੱਸ ਦਿੱਤਾ ਜਾਏ ਕਿ ਤਸਵੀਰ ਕਦੋਂ ਖਿਚੀ ਗਈ ਸੀ, ਕਿਸ ਹਾਲਤ ਵਿਚ ਖਿਚੀ ਗਈ ਸੀ ਤੇ ਇਹ ਤਸਵੀਰ ਖਿਚਣ ਵਾ਼ਲਾ ਕੌਣ ਸੀ; ਤਾਂ ਤਸਵੀਰ ਦੇ ਮਾਅਨੇ ਅਸਲੋਂ ਹੀ ਬਦਲ ਜਾਣਗੇ ਤੇ ਤਸਵੀਰ ਘਟ ਅਸਪੱਸ਼ਟ ਹੋ ਜਾਏਗੀ।

ਇਸ ਲੇਖ ਦੇ ਨਾ਼ਲ-ਦੀ ਤਸਵੀਰ ਦੇਖੋ। ਇਸ ਵਿਚ ਸਭ ਤੋਂ ਵਧ ਯਕੀਨੀ ਗੱਲ ਇਹ ਹੈ ਕਿ ਇਹ ਕਿਸੇ ਸਿੱਖ ਵਿਆਹੇ ਜੋੜੇ ਦੀ ਤਸਵੀਰ ਹੈ। ਸ਼ੈਆਂ ਨੂੰ ਗਹੁ ਨਾ਼ਲ ਦੇਖਣ ਵਾ਼ਲਾ ਦਸ ਦਏਗਾ ਕਿ ਇਹ ਬਹੁਤ ਪੁਰਾਣੀ ਤਸਵੀਰ ਹੈ। ਪਰ ਕਿੰਨੀ? ਕਪੜਿਆਂ ਤੇ ਬੈਠਣ ਖੜ੍ਹੋਣ ਤੋਂ ਕੋਈ ਅੰਦਾਜ਼ਨ ਜਾਂ ਯਕੀਨਨ ਇਹ ਦੱਸ ਸਕਦਾ ਹੈ ਕਿ ਏਨੇ ਸਾਲ ਪੁਰਾਣੀ ਹੈ। (ਪੰਜਾਬ ਦੀ ਸਭ ਤੋਂ ਪਹਿਲੀ ਕੈਮਰੇ ਵਾ਼ਲੀ ਤਸਵੀਰ ਸੰਨ 1850 ਈਸਵੀ ਦੀ ਹੈ।) ਜੇ ਇਸ ਤਸਵੀਰ ਵਿਚ ਬੈਠੇ ਤੀਵੀਂ ਮਰਦ ਦੇ ਕਿਸੇ ਰਿਸ਼ਤੇਦਾਰ ਨੂੰ ਇਹ ਤਸਵੀਰ ਦਿਖਾਈ ਜਾਏ, ਤੇ ਉਹਨੇ ਇਹ ਪਹਿਲਾਂ ਦੇਖੀ ਨਾ ਹੋਏ, ਤਾਂ ਉਹ ਇਸ ਤਸਵੀਰ ਨੂੰ ਚਿਰੀਂ-ਵਿਛੁੰਨਿਆਂ ਵਾਂਙ ਮਿਲ਼ੇਗਾ। ਉਹ ਇਸ ਤਸਵੀਰ ਨੂੰ ਚੁੰਮੇਗਾ ਜਾਂ ਚਾਅ ਨਾ਼ਲ ਦੇਖੇਗਾ, ਹਉਕਾ ਲਏਗਾ ਜਾਂ ਕੁਝ ਸੋਚ ਕੇ ਪਰ੍ਹਾਂ ਰਖ ਦਏਗਾ।

ਕੈਮਰੇ ਨਾਲ਼ ਖਿੱਚੀਆਂ ਤਸਵੀਰਾਂ ਹਮੇਸ਼ਾਂ ਹੀ ਲੰਘ ਗਏ ਵੇਲੇ ਦੀਆਂ ਹੁੰਦੀਆਂ ਹਨ। ਇਸ ਲਿਹਾਜ਼ ਨਾਲ਼ ਕੈਮਰੇ ਦਾ ਮੂੰਹ ਹਮੇਸ਼ਾਂ ਪਿੱਛੇ ਵਲ ਹੁੰਦਾ ਹੈ। ਕੈਮਰੇ ਤੇ ਕਹਾਣੀ ਦੀ ਕਲਾ ਉਸ ਬਿੰਦੂ ਤੋਂ ਸ਼ੁਰੂ ਹੁੰਦੀ ਹੈ, ਜੋ ਲੰਘ ਗਿਆ ਹੈ ਜਾਂ ਪਿੱਛੇ ਰਹਿ ਗਿਆ ਹੈ। ਕੈਮਰੇ ਦੀ ਕਲਿਕ ਸੰਮੇਂ ਦੇ ਅਨੰਤ ਵਹਿਣ ਨੂੰ ਤੋੜ ਕੇ ਉਹਨੂੰ ਦਰਜ ਕਰ ਲੈਂਦੀ ਹੈ। (ਸਾਡੀ ਨਜ਼ਰ ਸਮੇਂ ਦੇ ਵਹਿਣ ਨੂੰ ਕੈਮਰੇ ਵਾਂਙ ਤੋੜਦੀ ਨਹੀਂ, ਸਮੇਂ ਦੇ ਨਾਲ਼ ਨਾਲ਼ ਚਲਦੀ ਹੈ। ਇਸੇ ਲਈ ਯਾਦ ਅਕਸਾਂ ਦਾ ਵਹਿਣ ਹੁੰਦੀ ਹੈ।) ਹਰ ਤਸਵੀਰ ਦਸਦੀ ਹੈ ਕਿ ਤਸਵੀਰ ਖਿੱਚੇ ਜਾਣ ਦੇ ਵੇਲੇ ਤੇ ਹੁਣ-ਖਿਣ ਵਿਚਾਲ਼ੇ ਖਾਈ ਹੈ - ਛੋਟੀ ਜਾਂ ਬਹੁਤ ਵੱਡੀ।

ਹਰ ਤਸਵੀਰ ਵਾਂਙ ਇਸ ਤਸਵੀਰ ਦਾ ਵੀ ਇਤਿਹਾਸ ਹੈ। ਇਹ ਪੰਜਾਬੀਆਂ ਦੇ ਪਰਵਾਸ ਦੀ ਕਿਤਾਬ ਦਾ ਵਰਕਾ ਹੈ। ਇਹ ਮੈਨੂੰ ਚੰਗੀ ਲਗਦੀ ਹੈ, ਕਿਉਂਕਿ ਇਹ ਮੇਰੇ ਬਾਪ ਦੀ ਖਿੱਚੀ ਹੋਈ ਹੈ ਤੇ ਤਸਵੀਰ ਵਿਚਲੇ ਤੀਵੀਂ ਆਦਮੀ ਬਾਰੇ ਮੈਨੂੰ ਏਨਾ ਹੀ ਪਤਾ ਹੈ ਕਿ ਇਹ ਸਾਡੇ ਨਗਰ ਨਕੋਦਰ ਦੇ ਗੁਆਂਢ ਪਿੰਡ ਚੱਕ ਮੁਗ਼ਲਾਣੀ ਦੇ ਸੀ। ਇਹ ਤਸਵੀਰ ਸੰਨ 1932 ਦੀ ਹੈ। ਇਹ ਨੈਰੋਬੀ (ਕੀਨੀਆ) ਵਿਚ ਖਿੱਚੀ ਗਈ ਸੀ। ਇਹਦੇ ਖਿੱਚੇ ਜਾਣ ਤੇ ਹੁਣ ਵਿਚਾਲ਼ੇ ਵਰ੍ਹਿਆਂ ਦੀ ਖਾਈ ਹੈ। ਇਹ ਸੋਚ ਕੇ ਦਿਲ ਡੁੱਬਦਾ ਹੈ ਕਿ ਅਜ ਇਸ ਜਹਾਨ ਵਿਚ ਨਾ ਤਸਵੀਰ ਵਿਚ ਬੈਠਾ ਜੋੜਾ ਹੈ ਤੇ ਨਾ ਤਸਵੀਰ ਖਿੱਚਣ ਵਾਲ਼ਾ ਮੇਰਾ ਬਾਪ। ਇਹ ਤਸਵੀਰ ਦਸਦੀ ਹੈ ਕਿ ਜ਼ਿੰਦਗੀ ਕਿੰਨੀ ਭਰਪੂਰ ਹੈ। ਇਹ ਤਸਵੀਰ ਇਹ ਵੀ ਚਤਾਰਦੀ ਹੈ ਕਿ ਬੰਦਿਆ ਤੂੰ ਤਾਂ ਨਾਸ਼ਵਾਨ ਏਂ।

ਇਹ ਤਸਵੀਰ ਔਰਤ ਮਰਦ ਦੇ ਵਸਲ ਦੀ ਨਿਸ਼ਾਨੀ ਹੈ। ਇਹ ਜਣੇ ਬੜੇ ਭਾਗਾਂਵਾਲ਼ੇ ਸਨ ਕਿ ਇਹ ਇਕੱਠੇ ਸਨ; ਭਾਵੇਂ ਕੀਨੀਆ ਚ ਮਿਲਣ ਤੋਂ ਪਹਿਲਾਂ ਕੀ ਪਤਾ ਇਨ੍ਹਾਂ ਨੂੰ ਕਿੰਨਾ ਵਿਛੋੜਾ ਝੱਲਣਾ ਪਿਆ ਹੋਏਗਾ। ਇਸ ਸਦੀ ਦੇ ਸ਼ੁਰੂ ਚ ਮਰਦ ਪਰਦੇਸੀਂ ਕਮਾਈਆਂ ਕਰਨ ਨਿਕਲ਼ੇ ਅਪਣੀਆਂ ਘਰਵਾਲ਼ੀਆਂ ਨੂੰ ਪਿੱਛੇ ਛੱਡ ਜਾਂਦੇ ਸਨ।

ਮੈਨੂੰ ਅਪਣੀ ਦਾਦੀ ਤੇ ਉਹਦੀਆਂ ਦਰਾਣੀਆਂ ਜਠਾਣੀਆਂ ਦਾ ਖ਼ਿਆਲ ਆਉਂਦਾ ਹੈ; ਜਿਹੜੀਆਂ ਕਿੰਨੇ-ਕਿੰਨੇ ਸਾਲ ਅਪਣੇ ਮਰਦਾਂ ਤੋਂ ਵਾਂਝੀਆਂ ਰਹੀਆਂ ਸਨ ਤੇ ਫੇਰ ਅਪਣੀ ਮਾਂ ਦਾ। ਤਸਵੀਰ ਵਿਚਲਾਂ ਮਰਦ ਇਸ ਗੱਲੋਂ ਵੀ ਭਾਗਾਂ ਵਾਲ਼ਾ ਸੀ ਕਿ ਇਹਨੂੰ ਮਨੀਲੇ, ਮਲਾਇਆ, ਸਿਆਮ ਤੇ ਮਿਰਕਣ ਗਏ ਅਪਣੇ ਵਤਨੀਆਂ ਵਾਂਙ ਚੋਰੀ ਦਾ ਵਿਆਹ ਨਹੀਂ ਸੀ ਕਰਵਾਉਣਾ ਪਿਆ; ਨਹੀਂ ਤਾਂ ਪਿਛਲੀ ਉਮਰੇ ਇਹਨੂੰ ਚੋਰੀ ਸਹੇੜੀ ਔਲਾਦ ਨੂੰ ਦੱਸੇ ਬਿਨਾਂ ਛੱਡ ਕੇ ਨੱਸ ਆਉਣ ਦੀ ਨਮੋਸ਼ੀ ਨੇ ਮਾਰਨਾ ਸੀ। ਹੋ ਸਕਦੈ, ਸੁਆਣੀ ਕੁਝ ਚਿਰ ਪਹਿਲਾਂ ਹੀ ਕੀਨੀਆ ਪਹੁੰਚੀ ਹੋਏਗੀ। ਅਪਣੀ ਵਰ੍ਹਿਆਂ ਦੀ ਜਿਸਮਾਨੀ ਭੁੱਖ ਲਾਹੁਣ ਮਗਰੋਂ ਅਪਣੇ ਵਸਲ ਦੀ ਨਿਸ਼ਾਨੀ ਰਖਣ ਲਈ ਜਾਂ ਅਪਣੇ ਅੰਗ-ਸਾਕਾਂ ਨੂੰ ਰਾਜ਼ੀਖ਼ੁਸ਼ੀ ਦਾ ਦੱਸਣ ਲਈ ਇਨ੍ਹਾਂ ਦੋਹਵਾਂ ਨੇ ਸੋਚਿਆ ਹੋਏਗਾ ਕਿ ਚਲੋ ਚਲ ਕੇ ਨਕੋਦਰ ਦੇ ਗੋਪਾਲ ਸਿੰਘ ਕੋਲ਼ੋਂ ਫ਼ੋਟੋ ਲਹਾਉਂਦੇ ਹਾਂ। ਇਨ੍ਹਾਂ ਦਾ ਇਹ ਫ਼ੈਸਲਾ ਤੇ ਇਹ ਵਾਰਦਾਤ ਬਿਲਕੁਲ ਨਿਜੀ ਸੀ, ਇਸ ਲਈ ਇਹ ਤਸਵੀਰ ਇਤਿਹਾਸਕ ਨਹੀਂ ਹੈ। ਮਿਸਤਰੀਆਂ ਦੀ ਵਹੁਟੀ ਦੇਖਣ ਨੂੰ ਸਰਦਾਰਾਂ ਦੀ ਬੀਬੀ ਲਗਦੀ ਹੈ। ਜੇ ਕੀਨੀਆ ਦੇ ਹਵਾਲੇ ਨੂੰ ਇਸ ਫ਼ੋਟੋ ਚੋਂ ਖ਼ਾਰਜ ਕਰ ਦਿੱਤਾ ਜਾਏ, ਤਾਂ ਇਹ ਲਹੌਰ ਵਰਗੇ ਸ਼ਹਿਰ ਜਾ ਕੇ ਵੱਸੇ ਟੱਬਰ ਦੀ ਵੀ ਹੋ ਸਕਦੀ ਹੈ। ਕੈਮਰੇ ਦੀ ਅੱਖ ਚ ਝਾਕ ਰਹੀ ਸੁਆਣੀ ਦੇ ਅਣਕੱਜੇ ਮੁੱਖੜੇ, ਤੇਲ ਲਾ ਕੇ ਵਾਹੇ ਵਾਲ਼ਾਂ ਦੇ ਵਿੰਗੇ ਚੀਰ, ਲਟਕਦੀ

ਵਾਲੀ, ਕੋਕੇ, ਮਾਮੂਲੀ ਲਿਟ ਤੇ ਵਾਲ਼ ਸਾਂਭਣ ਲਈ ਲਾਈ ਸੂਈ ਵਿਚ ਪੂਰਾ ਵਿਸ਼ਵਾਸ ਝਲਕਦਾ ਹੈ; ਪਰ ਇਹਦੇ ਮਿਹਨਤੀ ਮਜ਼ਬੂਤ ਹੱਥਾਂ ਵਿਚ 'ਸਰਦਾਰਾਂ' ਦੀਆਂ ਤੀਵੀਂਆਂ ਵਰਗਾ ਅੰਦਾਜ਼ ਨਹੀਂ। ਅਪਣੇ ਘਰ ਵਾਲ਼ੇ ਦੀ ਲਾਈ ਘੜੀ ਨੇ ਇਹਦੀ ਕਢਾਈ ਵਾਲ਼ੇ ਦੁਪੱਟੇ ਦੀ ਲੈਅ ਨੂੰ ਮਾਂਦ ਪਾ ਦਿੱਤਾ ਹੈ। ਇਸ ਤੀਵੀਂ ਦੇ ਸਾਰੇ ਵਜੂਦ ਦਾ ਜਬ੍ਹਾ ਇਸੇ ਦੁਪੱਟੇ ਸਦਕਾ ਹੈ। ਇਹਨੇ ਇਹਦੇ ਦੋ ਘੋੜਿਆਂ ਦੀ ਬੋਸਕੀ ਦੇ ਸੂਟ ਨੂੰ ਵੀ ਕੱਜਿਆ ਹੋਇਆ ਹੈ। ਜਿਵੇਂ ਇਹਨੇ ਅਪਣੇ ਹੱਥਾਂ ਨੂੰ ਅਪਣੇ ਪੱਟਾਂ ਵਿਚਾਲ਼ੇ ਰੱਖਿਆ ਹੋਇਆ ਹੈ, ਉਸ ਤੋਂ ਇਹਦਾ ਕੱਜਣ ਹੋਰ ਇਖ਼ਤਿਆਰੀ ਹੋ ਗਿਆ ਹੈ। ਇਹ ਸੁਆਣੀ ਅਪਣਾ ਆਪ ਸ਼ੀਸ਼ੇ ਵਿਚ ਇਸ ਤਰ੍ਹਾਂ ਨਹੀਂ ਦੇਖਦੀ ਹੋਣੀ। ਸ਼ੀਸ਼ੇ ਅੱਗੇ ਤੀਵੀਂ ਬੇਵਾਹਰੀ ਹੋ ਜਾਂਦੀ ਹੈ, ਬਸ਼ਰਤਿ ਕਿ ਉਹ ਇਕੱਲੀ ਹੋਵੇ।

ਸੁਆਣੀ ਦਾ ਮਰਦ ਸ਼ੂਕਾ ਲਗਦਾ ਹੈ। ਸ਼ੂਕਾ ਸ਼ਬਦ ਮੋਗੇ-ਫ਼ਰੀਦਕੋਟ ਵਲ ਵਰਤਿਆ ਜਾਂਦਾ ਹੈ। ਇਹਦਾ ਮਤਲਬ ਹੈ – ਸ਼ੁਕੀਨ ਤੇ ਆਸ਼ਕ-ਮਿਜ਼ਾਜ। ਇਹ ਸ਼ਬਦ ਕਿਸੇ ਮਿਹਨਤਕਸ਼ ਲਈ ਵਰਤਿਆ ਹੀ ਸੁਹਣਾ ਲਗਦਾ ਹੈ। ਸੰਨ 1929 ਵਿਚ ਹਾਲੇ ਕਿਸ਼ਤੀ ਵਰਗੀ ਤਹਿ ਵਾਲ਼ੀ ਚਿੱਟੀ ਪੱਗ ਬੰਨ੍ਹਣ ਦਾ ਰਿਵਾਜ ਨਹੀਂ ਸੀ ਪਿਆ। ਅਪਣੇ ਹੀ ਅੰਦਾਜ਼ ਦੀ ਇਹ ਪੱਗ ਜਣੇ ਨੇ ਅਪਣੇ ਵਿਆਹ ਵਾਲ਼ੇ ਦਿਨ ਵੀ ਇੰਜ ਦੀ ਹੀ ਬੰਨ੍ਹੀ ਹੋਏਗੀ। ਦਿਨ ਸੁਧ ਵੇਲੇ ਤੇ ਸ਼ਕਰ ਦੀ ਛਿੰਞ ਵੇਲੇ ਇਹ ਜਣਾ ਪੱਗ ਇਸ ਤਰ੍ਹਾਂ ਹੀ ਬੰਨ੍ਹਦਾ ਹੋਣਾ ਹੈ। ਡਬਲ-ਬ੍ਰੈਸਟ ਦੀ ਇਹ ਜੈਕਟ ਹੋ ਸਕਦੈ, ਇਹਨੇ ਵਿਆਹ ਵਾਸਤੇ ਸੰਵਾਈ ਹੋਏਗੀ ਜਾਂ ਕੀਨੀਆ ਜਾਣ ਵੇਲੇ। ਕੀ ਅਪਣਾ ਘਰ ਛੱਡਣਾ ਵੀ ਕੋਈ ਜਸ਼ਨ ਹੁੰਦਾ ਹੈ? ਜੈਕਟ ਵਿਚ ਰੇਸ਼ਮੀ ਰੁਮਾਲ ਵਿਚ ਪਏ ਵੱਟਾਂ ਤੋਂ ਲਗਦਾ ਹੈ ਕਿ ਇਹ ਇਹਨੇ ਤਸਵੀਰ ਖਿਚਵਾਣ ਵੇਲੇ ਹੀ ਜੇਬ ਵਿਚ ਰਖਿਆ ਹੋਏਗਾ। ਇਕ ਜੇਬ ਢਕੀ ਹੋਈ ਨਹੀਂ। ਇਹਦੀ ਕਮੀਜ਼ ਦੇ ਕਾਲਰ ਦੀਹਦੇ ਨਹੀਂ। ਫ਼ੋਟੋਗਰਾਫ਼ਰ ਨੇ ਨੈਕਟਾਈ ਲਾ ਲੈਣ ਨੂੰ ਕਿਹਾ ਹੋਣਾ ਹੈ, ਪਰ ਇਹਨੇ ਗਲ਼ ਚ ਫਾਹਾ ਪਾਉਣੋਂ ਨਾਂਹ ਕਰ ਦਿੱਤੀ। ਸੁਹਣੇ ਮੁੱਖੜੇ ਦੀਆਂ ਅੱਖਾਂ ਕੈਮਰੇ ਦੀ ਅੱਖ ਚ ਨਹੀਂ ਦੇਖ ਰਹੀਆਂ। ਕੀ ਇਸ ਬੰਦੇ ਨੂੰ ਜਾਗਦਿਆਂ ਸੁਪਨੇ ਦੇਖਣ ਦੀ ਆਦਤ ਸੀ? ਜਾਂ ਫ਼ੋਟੋਕਾਰ ਨੇ ਇਹਨੂੰ ਹੋਰ ਪਾਸੇ ਦੇਖਣ ਨੂੰ ਆਖਿਆ ਸੀ? ਬੇਰੰਗ ਪਰਦੇ ਨਾਲ਼ ਅਭੇਦ ਹੋ ਰਹੀਆਂ ਇਨ੍ਹਾਂ ਆਕ੍ਰਿਤੀਆਂ ਤੋਂ ਕਿਸੇ ਸੁਪਨ-ਮੰਡਲ ਦਾ ਝਉਲ਼ਾ ਪੈਂਦਾ ਹੈ। ਪਰਦੇ ਦੇ ਨਾਲ਼ ਢੋਅ ਲਾ ਕੇ ਖੜ੍ਹੇ ਇਸ ਬੰਦੇ ਦਾ ਅਪਣੀ ਤੀਵੀਂ ਦੇ ਖੱਬੇ ਪੱਟ ਤੋਂ ਰੀਣ-ਕੁ ਪਰ੍ਹਾਂ ਟਿਕਿਆ ਹੱਥ ਇਹਦੀ ਭਰਪੂਰ ਜਵਾਨੀ ਤੇ ਮਿਹਨਤਕਸ਼ੀ ਦਾ ਚਿੰਨ੍ਹ ਹੈ। ਇਹਦੀਆਂ ਅੱਖਾਂ ਥੋਹੜੀਆਂ ਜਿਹੀਆਂ ਹੈਰਾਨ ਹਨ। ਪਰ ਸਾਰਾ ਵਜੂਦ ਜਿਵੇਂ ਆਖ ਰਿਹਾ ਹੈ – ਕੋਈ ਪਰਵਾਹ ਨਹੀਂ।

ਉਨ੍ਹਾਂ ਵੇਲ਼ਿਆਂ ਚ ਅੱਜ ਵਰਗੇ ਕੈਮਰੇ ਨਹੀਂ ਸੀ ਹੁੰਦੇ, ਜੋ ਇਕ ਸਕਿੰਟ ਦਾ ਹਜ਼ਾਰਵਾਂ ਹਿੱਸਾ ਪਕੜ ਕੇ ਦਰਜ ਕਰ ਲੈਂਦੇ ਹਨ। ਉਦੋਂ ਕੈਮਰੇ ਵਿਚ ਮੰਦ-ਗਤੀ ਵਾਲੀ ਸ਼ੀਸ਼ੇ ਦੀ ਪਲੇਟ ਪਾਈਦੀ ਸੀ, ਜਿਵੇਂ ਅੱਜ ਪਲਾਸਟਿਕ ਦੀ ਫ਼ਿਲਮ ਪੈਂਦੀ ਹੈ। ਓਦੋਂ ਕੈਮਰੇਵਾਲ਼ਾ ਫ਼ੋਟੋ ਖਿੱਚਦਿਆਂ ਅਪਣੇ 'ਸਬਜੈਕਟਾਂ' ਨੂੰ ਆਖਦਾ ਹੁੰਦਾ ਸੀ – ਹਿੱਲਣਾ ਨਹੀਂ...ਹਿੱਲਣਾ ਨਹੀਂ। ਮੈਨੂੰ ਅਪਣੇ ਬਾਪ ਦੀ ਆਵਾਜ਼ ਉੱਚੇ ਗੁੰਬਦ ਵਿਚ ਗੂੰਜਦੀ ਸੁਣਦੀ ਹੈ – ਹਿੱਲਣਾ ਨਹੀਂ...ਨਹੀਂ...ਨਹੀਂ...। ਇਸ ਤਸਵੀਰ ਵਾਲ਼ਾ ਇਹ ਜੋੜਾ ਅਹਿੱਲ ਉਹਦੇ ਵਲ ਦੇਖੀ ਜਾਂਦਾ ਹੈ ਤੇ ਫੇਰ ਇਹ ਮੇਰੇ ਵਲ ਦੇਖਣ ਲਗ ਪੈਂਦਾ ਹੈ।

# ਵਿਛੋੜੇ ਦਾ ਸਾਕਾ

*ਨਦੀਆ ਵਾਹ ਵਿਛੁੰਨਿਆ ਮੇਲਾ ਸੰਜੋਗੀ ਰਾਮ॥ – ਆਸਾ ਮਹਲਾ ੧*



ਹੱਥੀਂ-ਵਾਹੀਆਂ ਦੋ ਤਸਵੀਰਾਂ ਦਿਨ-ਰਾਤ ਮੇਰਾ ਪਿੱਛਾ ਕਰਦੀਆਂ ਹਨ। ਇਕ ਤਾਂ ਹੈ, ਪ੍ਰਾਣ ਨਾਥ ਮਾਗੋ ਦੀ ਬਣਾਈ ਫ਼ੇਅਰਵੈੱਲ ਤੇ ਦੂਜੀ ਹੈ, ਅਮ੍ਰਿਤਾ ਸ਼ੇਰਗਿਲ ਦੇ ਭਾਣਜੇ ਵਿਵਾਨ ਸੁੰਦਰਮ ਦੀ ਦਾ ਸ਼ੇਰਗਿਲ ਫ਼ੈਮਿਲੀ। ਇਨ੍ਹਾਂ ਤਸਵੀਰਾਂ ਦਾ ਇਸ ਸਦੀ ਦੇ ਪੰਜਾਬ ਨਾਲ਼ ਨੇੜੇ ਦਾ ਰਿਸ਼ਤਾ ਹੈ। ਮੈਂ ਹੁਣ ਫ਼ੇਅਰਵੈੱਲ ਦੀ ਗੱਲ ਕਰਦਾ ਹਾਂ।

ਇਹ ਤਸਵੀਰ ਗੁੱਜਰਖ਼ਾਨ ਰੇਲਵੇ ਸਟੇਸ਼ਨ ਦੀ ਹੈ। ਦੂਜੀ ਵੱਡੀ ਜੰਗ ਦਾ ਵੇਲਾ ਹੈ ਤੇ ਫ਼ੌਜੀ ਲਾਮ 'ਤੇ ਚੱਲੇ ਹਨ। ਇਹ ਸਾਡੇ ਇਤਿਹਾਸ ਵਿਚ ਪਿਆ ਚਿਬ ਹੈ, ਜਿਸ ਨਾਲ਼ ਲੋਕਗੀਤ ਭਰੇ ਪਏ ਹਨ। ਇਹ ਤਸਵੀਰ ਮੈਂ ਜਦ ਪਹਿਲਾਂ ਪਟਿਆਲ਼ੇ ਪੰਜਾਬੀ ਯੂਨੀਵਰਸਟੀ ਵਿਚ 1968 ਵਿਚ ਦੇਖੀ ਸੀ, ਤਾਂ ਮੇਰੀਆਂ ਅੱਖਾਂ ਭਰ ਆਈਆਂ ਸਨ। ਏਨੇ ਸਾਲਾਂ ਮਗਰੋਂ ਮੈਂ ਇਹਦੀ ਗੱਲ ਕਰਕੇ ਦਿਲ ਦਾ ਭਾਰ ਹੌਲ਼ਾ ਕਰਨ ਲੱਗਾ ਹਾਂ।

ਜਿਹਲਮ ਤੇ ਰਾਵਲਪਿੰਡੀ ਦੇ ਵਿਚਾਲ਼ੇ ਵਸੇ ਕ਼ਸਬੇ ਗੁੱਜਰਖ਼ਾਨ ਦੇ ਜੰਮਪਲ਼ ਪ੍ਰਾਣ ਨਾਥ ਮਾਗੋ (1922-2006) ਨੇ ਇਹ ਤਸਵੀਰ 1945 ਵਿਚ ਬਣਾਈ ਸੀ, ਜਦ ਇਹ ਬੰਬਈ ਦੇ ਸਰ ਜੇ. ਜੇ. ਆਰਟ ਸਕੂਲ ਚ ਪੜ੍ਹਦੇ ਹੁੰਦੇ ਸਨ। ਇਹ ਪੁਰਾਣੀ ਹਿੰਦੁਸਤਾਨੀ ਮਿਨੀਏਚਰ ਸ਼ੈਲੀ ਦੀ ਤਸਵੀਰ ਹੈ; ਮੋਟੀਆਂ ਛੁਹਾਂ ਵਾਲ਼ੇ ਤੇਲ-ਰੰਗਾਂ 'ਚ ਕਈ ਗੁਣਾ ਵੱਡੀ ਕੀਤੀ ਹੋਈ - 3 x 4 ਫ਼ੁਟ। ਪਹਿਲੀਆਂ ਵਿਚ ਚਿਤੇਰੇ ਇਸ ਸ਼ੈਲੀ ਵਿਚ ਪ੍ਰਕ੍ਰਿਤੀ, ਕਾਮ ਤੇ ਮਿਥਹਾਸ ਚਿਤਰਦੇ ਹੁੰਦੇ ਸਨ। ਪ੍ਰਾਣ ਨਾਥ ਨੇ ਇਸ ਤਸਵੀਰ ਵਿਚ ਰਵਾਇਤ ਤੋੜਕੇ ਸਮਾਜੀ ਤਵਾਰੀਖ਼ ਨੂੰ ਪਹਿਲੀ ਵਾਰ ਪੇਸ਼ ਕੀਤਾ।

ਫ਼ਲਸਫ਼ੀ ਰੋਲਾਂ ਬਾਖ਼ਤ ਆਖਦਾ ਹੈ ਕਿ ਤਸਵੀਰ ਦਾ ਨਾਂ ਜਾਂ ਤਰਸ ਪੈਦਾ ਕਰਨ ਲਈ ਰੱਖੀਦਾ ਹੈ, ਜਾਂ ਉਹਨੂੰ ਉਚਿਆਣ ਲਈ, ਮਨਤਕ ਪੈਦਾ ਕਰਨ ਲਈ। ਇਹ ਤਸਵੀਰ ਏਨੀ ਮੂੰਹੋਂ ਬੋਲਦੀ ਹੈ ਕਿ ਇਹਦਾ ਨਾਂ ਚਿਤੇਰੇ ਨੇ ਨਾ ਵੀ ਰੱਖਿਆ ਹੁੰਦਾ, ਤਾਂ ਕੋਈ ਫ਼ਰਕ ਨਹੀਂ ਸੀ ਪੈਣਾ। ਪਰ ਸ਼ਾਇਦ ਤਰਸ ਘਟ ਜਾਗਣਾ ਸੀ।

ਜਦ ਮੈਂ ਇਹ ਤਸਵੀਰ ਪਹਿਲੀ ਵਾਰ ਦੇਖੀ ਸੀ, ਤਾਂ ਦੋ ਹੱਥ ਜੋੜ ਕੇ ਸਤਿ ਸ੍ਰੀ ਅਕਾਲ ਬੁਲਾ ਰਿਹਾ ਮੁੰਡਾ ਮੈਨੂੰ ਅਪਣਾ-ਆਪ ਲੱਗਾ ਸੀ। ਪ੍ਰਾਣ ਨਾਥ ਦਸਦੇ ਹਨ ਕਿ ਉਨ੍ਹਾਂ ਨੂੰ ਵੀ ਇਹ ਮੁੰਡਾ ਅਪਣਾ-ਆਪ ਹੀ ਲੱਗਦਾ ਹੈ। ਤੀਜੇ ਤੇ ਚੌਥੇ ਦਹਾਕੇ ਵਿਚ ਗੁੱਜਰਖ਼ਾਨ ਸਟੇਸ਼ਨ 'ਤੇ ਐਸੇ ਸਾਕੇ ਆਮ ਵਾਪਰਦੇ ਸਨ। ਸ਼ਾਇਦ ਹਰ ਦਰਸ਼ਕ ਨੂੰ ਇਸ ਮੁੰਡੇ ਨਾਲ਼ ਇਹ ਸਾਂਝ ਮਹਿਸੂਸ ਹੁੰਦੀ ਹੋਵੇ। ਮਰਦ ਦੇ ਹਵਾਲੇ ਤੋਂ ਇਹ ਮੁੰਡਾ ਕੇਂਦਰੀ ਬਿੰਦੂ ਹੈ ਤੇ ਔਰਤ ਦਰਸ਼ਕ ਨੂੰ ਫ਼ੌਜੀ ਦੀ ਭੈਣ ਨਾਲ਼ ਸਾਂਝ ਮਹਿਸੂਸ ਹੁੰਦੀ ਹੋਣੀ ਹੈ। ਇਸ ਮੁੰਡੇ ਨੇ ਪਿੱਛੇ ਇਕੱਲਿਆਂ ਰਹਿ ਜਾਣਾ ਹੈ; ਫ਼ੌਜੀ ਨੇ ਵਿਛੋੜਾ ਦੇ ਕੇ ਚਲੇ ਜਾਣਾ ਹੈ। ਕੀ ਵੱਡੇ ਜਾਣਦੇ ਹਨ ਕਿ ਬੱਚੇ ਉਨ੍ਹਾਂ ਨਾਲ਼ੋਂ ਵੀ ਵਧ ਦੁੱਖ ਝੱਲਦੇ ਹਨ? ਉਹ ਵਿਛੋੜਾ ਕਦੇ ਨਹੀਂ ਭੁੱਲਦੇ। ਉਹ ਬੇਜ਼ਬਾਨ ਹੁੰਦੇ ਹਨ। ਸਾਡੇ ਘਰਾਂ ਵਿਚ ਬੱਚੇ ਨੂੰ ਜਿਹੜੀ ਸਭ ਤੋਂ ਪਹਿਲੀ ਮੱਤ ਦਿੱਤੀ ਜਾਂਦੀ ਹੈ, ਉਹ ਇਹ ਹੁੰਦੀ ਹੈ ਕਿ ਆਏ-ਗਏ ਨੂੰ ਸਤਿ ਸ੍ਰੀ ਅਕਾਲ ਬੁਲਾਈਦੀ ਹੈ; ਐਸ ਤਰ੍ਹਾਂ, ਦੋ ਹੱਥ ਜੋੜ ਕੇ। ਬੱਚੇ ਵਾਸਤੇ ਸਾਸ੍ਰੀਕਾਲ ਬੁਲਾਉਣੀ ਕੋਈ ਸੌਖੀ ਗੱਲ ਨਹੀਂ ਹੁੰਦੀ। ਪਰ ਜੇ ਜਾਣ ਵਾਲ਼ਾ ਉਹਦਾ ਬਹੁਤ ਸਕਾ ਹੋਵੇ, ਤਾਂ ਉਹਦੇ ਦਿਲ ਦਾ ਤੇ ਝੂਠੇ ਪੈਂਦੇ ਕਰ-ਪੈਰਾਂ ਦਾ ਹਾਲ ਪੁੱਛਿਆਂ ਵੀ ਨਾ ਜਾਣੀਏ। ਮੇਰੇ ਪਿਤਾ ਮੈਨੂੰ ਜਦ ਛੱਡ ਕੇ ਜਾਂਦੇ ਸਨ, ਤਾਂ ਮੇਰੀ ਸਾਸ੍ਰੀਕਾਲ ਦਾ ਮਤਲਬ ਹੁੰਦਾ ਸੀ - ਜਾਓ, ਮੈਂ ਤੁਹਾਡੇ ਨਾਲ਼ ਨਹੀਂ ਬੋਲਣਾ। ਤੁਸੀਂ ਮੈਨੂੰ ਛੱਡ ਕਿਉਂ ਚੱਲੇ

ਹੋ? ਮੇਰਾ ਹੋਰ ਕੌਣ ਹੈ? ਤੇ ਜਦ ਉਹ ਪਰਦੇਸੋਂ ਆਏ, ਤਾਂ ਮੈਂ ਸਾਸ੍ਰੀਕਾਲ ਬੁਲਾਈ ਦੋ ਹੱਥ ਜੋੜ ਕੇ, ਜਿਹਦਾ ਮਤਲਬ ਸੀ – ਤੁਸੀਂ ਆ ਗਏ! ਸੱਚ ਨਹੀਂ ਆਉਂਦਾ। – ਗਰਮੀਆਂ 'ਚ ਕੋਠੇ 'ਤੇ ਸੌਣ ਲੱਗਿਆਂ ਮਾਂ ਪੂਰਬ ਵਲ ਤਾਰਿਆਂ ਵਲ ਇਸ਼ਾਰਾ ਕਰਕੇ ਮੈਥੋਂ ਅਖਵਾਉਂਦੀ ਹੁੰਦੀ ਸੀ – ਭਾਪਾ ਜੀ, ਆ ਜਾਓ...। – ਮੇਰਾ ਭਰਾ-ਵਰਗਾ ਸੁਰਜੀਤ ਹਾਂਸ ਜਾਣ ਲੱਗਾ ਮਖੌਲ ਨਾਲ਼ ਮੈਨੂੰ 'ਛੋਟੀ ਸਾਸ੍ਰੀਕਾਲ' ਆਖਦਾ ਹੁੰਦਾ ਸੀ। ਜਦ ਮੇਰੇ ਪਿਤਾ ਨੇ ਮੈਨੂੰ ਵੱਡੀ ਸਤਿ ਸ੍ਰੀ ਅਕਾਲ ਆਖੀ ਸੀ, ਤਾਂ ਮੈਥੋਂ ਕੁਛ ਵੀ ਨਹੀਂ ਸੀ ਬੋਲਿਆ ਗਿਆ।

ਫ਼ੇਅਰਵੈੱਲ ਤਸਵੀਰ ਲਾਮ 'ਤੇ ਚੱਲੇ ਫ਼ੌਜੀ ਦੀ ਹੀ ਤਸਵੀਰ ਨਹੀਂ, ਇਹ ਪਰਦੇਸੀਂ ਕਮਾਈ ਕਰਨ ਗਏ ਹਰ ਪੰਜਾਬੀ ਦੀ ਤਸਵੀਰ ਹੈ। ਇਹ ਅਟੱਲ ਹੋਣੀ ਦੀ ਤਸਵੀਰ ਹੈ। ਇਹ ਜਗ ਰੇਲ ਦਾ ਟੇਸ਼ਣ ਹੈ ਤੇ ਗੱਡੀ ਮੌਤ ਦਾ ਵਾਹਨ।

ਜਾਣ ਵਾਲ਼ਾ ਅਪਣੇ ਬੁੱਢੇ ਪਿਉ ਦੇ ਪੈਰੀਂ ਹੱਥ ਲਾ ਕੇ ਹਟਿਆ ਹੀ ਹੈ। ਪਿਉ ਤੇ ਮਾਂ ਦਾ ਅਸੀਸ ਵਾਲ਼ਾ ਹੱਥ ਹਾਲੇ ਵੀ ਹਵਾ 'ਚ ਅਟਕਿਆ ਹੋਇਆ ਹੈ ਤੇ ਹੁਣ ਪੁਤ ਮਾਂ ਦੇ ਪੈਰਾਂ ਨੂੰ ਹੱਥ ਲਾ ਰਿਹਾ ਹੈ। ਮਾਂ ਪਹਿਲਾਂ ਵੀ ਇਸ ਪਲ ਨੂੰ ਚਿਤਵਦੀ ਕਈ ਵਾਰ ਰੋ ਚੁੱਕੀ ਹੈ ਤੇ ਇਹ ਹੁਣ ਦਾ ਪਲ ਤਾਂ ਕਹਿਰ ਦਾ ਪਲ ਹੈ। ਜਾਣ ਵਾਲ਼ਾ ਦੇਖ ਮਿੱਟੀ ਵਲ ਰਿਹਾ ਹੈ, ਪਰ ਸੋਚ ਕੁਝ ਹੋਰ ਰਿਹਾ ਹੈ। ਇਹਦੀ ਭੈਣ ਅਪਣੀ ਭਾਬੀ ਨੂੰ ਹੌਂਸਲਾ ਦੇ ਰਹੀ ਹੈ। ਇਹਦੇ ਕਰ-ਪੈਰ ਜਵਾਬ ਦੇ ਗਏ ਹਨ ਤੇ ਥਾਏਂ ਮੱਥਾ ਫੜੀ ਬੈਠੀ ਹੈ। ਕੈਸਾ ਬੰਧੇਜ ਹੈ ਕਿ ਜਣੇ ਨੇ ਜਾਣ ਲੱਗਿਆਂ ਅਪਣੀ ਤੀਵੀਂ ਨੂੰ ਅੰਗ ਵੀ ਨਹੀਂ ਲਾ ਸਕਣਾ।

ਕੋਲ਼ ਖੜੋਤੀ ਦੇ ਚੜ੍ਹ ਗਿਆ ਚੀਨ ਦੀ ਗੱਡੀ
ਟੇਸ਼ਣ 'ਤੇ ਜਲ਼ ਬੱਤੀਏ ਜਿਵੇਂ ਮੇਰਾ ਮਾਹੀ ਖੜਿਆ ਉਵੇਂ ਵਾਪਸ ਕਰ ਗੱਡੀਏ


ਬਲ਼ਦੀ ਬੱਤੀ, ਉੱਚਾ ਪੁਲ਼ ਤੇ ਪਾਣੀ ਨਾਲ਼ ਭਰੇ ਘੜਿਆਂ ਦਾ ਛੱਤੜਾ ਗੁਜਰਖ਼ਾਨ ਰੇਲ ਟੇਸ਼ਣ 'ਤੇ ਹੁੰਦਾ-ਹੁੰਦਾ ਸੀ; ਪਰ ਪਿਛੋਕੜ ਦੀ ਕਿਲੇ ਵਰਗੀ ਕੰਧ ਤੇ ਦਰਵੱਜੇ ਖ਼ਿਆਲੀ ਹਨ, ਤਾਂ ਕਿ ਤਸਵੀਰ ਦਾ ਭਾਵ ਹੋਰ ਉਘੜ ਆਵੇ। ਅਸਤ ਹੋ ਰਹੇ ਸੂਰਜ ਨੇ ਸਾਰੇ ਮਾਹੌਲ ਨੂੰ ਹੋਰ ਉਦਾਸ ਕਰ ਦਿੱਤਾ ਹੈ। ਛੇਤੀ ਹੀ ਹਰ ਕਿਸੇ ਦੀਆਂ ਅੱਖਾਂ ਅੱਗੇ 'ਨੇਰ੍ਹਾ ਛਾ ਜਾਣਾ ਹੈ। ਫੇਰ ਲੰਬੀ ਰਾਤ ਪੈ ਜਾਏਗੀ। ਮੌਜੂਦ ਦਾ ਵੇਲਾ ਬੜੀ ਦੇਰ ਲਈ ਮਨਫ਼ੀ ਹੋ ਜਾਣਾ ਹੈ। ਲੰਘ ਗਏ ਤੇ ਆਉਣ ਵਾਲ਼ੇ ਵੇਲੇ ਦੇ ਦੋ ਕੱਸੇ ਹੋਏ ਸਿਰੇ ਰਹਿ ਜਾਣੇ ਹਨ। ਯਾਦ ਤੇ ਉਮੀਦ। ਏਸ ਰੱਸਾਕਸ਼ੀ 'ਚ ਕੋਈ ਨਹੀਂ ਜਿੱਤਦਾ। ਇਹ ਸੂਰਜ ਅਸਤਣ ਵੇਲੇ ਦੀ ਤਸਵੀਰ ਹੈ – ਤ੍ਰਿਕਾਲ ਸੰਧਯਾ ਦੀ, ਜਦ ਤਿੰਨ ਵੇਲਿਆਂ ਦਾ ਮਿਲਾਪ ਹੁੰਦਾ ਹੈ। ਬੜਾ ਭਾਰਾ ਵੇਲਾ ਹੁੰਦਾ ਹੈ ਇਹ।

ਤਸਵੀਰ ਵਿਚਲੇ ਫ਼ੌਜੀਆਂ ਨੇ ਤੇ ਹੋਰਨਾਂ ਹਜ਼ਾਰਾਂ ਫ਼ੌਜੀਆਂ ਨੇ ਲਾਮ ਟੁੱਟੀ 'ਤੇ ਘਰ ਮੁੜ ਆਉਣਾ ਹੈ, ਪਰ ਮਾਂ ਦੇ ਪੈਰੀਂ ਹੱਥ ਲਾ ਰਹੇ ਇਸ ਫ਼ੌਜੀ ਨੇ ਨਹੀਂ ਮੁੜਨਾ। ਇਹ ਤਾਂ ਮਰ-ਜਾਣਾ ਹੈ। ਇਹੀ ਇਸ ਵੇਲੇ ਦੀ ਹੋਣੀ ਹੈ। ਏਸ ਪਲ ਇਸ ਫ਼ੌਜੀ ਨੂੰ ਸਿਰਫ਼ ਅਪਣੇ ਘਰਦਿਆਂ ਦੇ ਪਿਆਰ ਦੀ ਨਹੀਂ, ਸਗੋਂ ਦੁਨੀਆ ਦੇ ਸਾਰੇ ਪਿਆਰ ਦੀ ਲੋੜ ਹੈ। ਜੇ ਇਹਨੇ ਮੁੜ ਆਉਣਾ ਹੁੰਦਾ, ਤਾਂ ਇਹ ਤਸਵੀਰ ਨਹੀਂ ਸੀ ਬਣਨੀ। ਏਸ ਗੱਲੋਂ ਇਹ ਤਸਵੀਰ ਬੜੀ ਬੇਕਿਰਕ ਹੈ। ਮੌਤ ਕਿਤੇ ਖੜ੍ਹੀ ਹੱਸ ਰਹੀ ਹੈ, ਪਰ ਨਜ਼ਰ ਨਹੀਂ ਆਉਂਦੀ। ਜੋ ਨਜ਼ਰ ਆਉਂਦਾ ਹੈ, ਉਹ ਜ਼ਿੰਦਗੀ ਹੈ – ਇੱਕੋ ਵੇਲੇ ਕਿੰਨੀ ਅਮਰ ਤੇ ਕਿੰਨੀ ਨਾਸ਼ਵਾਨ। ਇਸ ਫ਼ੌਜੀ ਦੀ ਮੌਤ ਕਿਸੇ

ਲੇਖੇ ਨਹੀਂ ਲੱਗਣੀ। ਇਹਨੂੰ ਕਿਸੇ ਸ਼ਹੀਦ ਨਹੀਂ ਆਖਣਾ। ਇਹਦੀ ਕਿਤੇ ਕੋਈ ਯਾਦਗਾਰ ਨਹੀਂ ਬਣਨੀ। ਇਹ ਰਜਪੂਤੀ ਜਾਂ ਖ਼ਾਲਸਾਈ ਸ਼ਾਨ ਦੀ ਤਸਵੀਰ ਨਹੀਂ। ਇਹ ਕੋਈ ਜੂਝਣ ਚੱਲਿਆ ਜੈ ਮਲ ਜਾਂ ਖ਼ਾਲਸਾ ਫ਼ੌਜ ਦਾ ਯੋਧਾ ਨਹੀਂ ਹੈ। ਇਹ ਭਾੜੇ ਦਾ ਫ਼ੌਜੀ ਹੈ। ਫ਼ਰੰਗੀਆਂ ਨੇ ਸਿਖਾਂ ਨੂੰ ਅਪਣੀ ਫ਼ੌਜ ਵਿਚ 1846 ਵਿਚ ਹੀ ਲੈ ਲਿਆ ਸੀ। ਸੰਨ 1853-54 ਦੌਰਾਨ ਸਿਖ ਫ਼ੌਜੀਆਂ ਨੇ ਗੰਗਾ ਘਾਟੀ ਵਿਚ ਸੰਥਾਲਾਂ ਦੀ ਬਗ਼ਾਵਤ ਕੁਚਲੀ ਸੀ। ਸੰਨ 1860 ਵਿਚ 'ਲੁਧੀਆਹ' (ਲੁਧਿਆਣਾ) ਰਜਮੰਟ ਨੇ ਹਾਂਙਕਾਂਙ ਤੇ ਪੀਕਿੰਙ ਸਰ ਕੀਤਾ ਸੀ। ਸਿੱਖ ਫ਼ੌਜੀ ਅੱਧੀ ਸਦੀ ਤਕ ਸਰਹਿੱਦੀ ਸੂਬੇ ਵਲ ਪਠਾਣਾਂ ਦੀਆਂ ਬਗ਼ਾਵਤਾਂ ਦਬਾਉਂਦੇ ਰਹੇ ਅਤੇ ਪਰਦੇਸਾਂ ਵਿਚ ਇਨ੍ਹਾਂ ਨੇ ਅਬੀਸੀਨੀਆ, ਮਲਾਇਆ, ਬਰਮਾ (1885), ਅਫ਼ਗਾਨਿਸਤਾਨ, ਕੇਂਦਰੀ ਪੂਰਬੀ ਤੇ ਦੱਖਣੀ ਅਫ਼ਰੀਕਾ ਵਿਚ ਬਰਤਾਨਵੀ ਸਾਮਰਾਜ ਦੀਆਂ ਜੜ੍ਹਾਂ ਲਾਈਆਂ। ਦੋਹਵਾਂ ਆਲਮੀ ਜੰਗਾਂ ਵਿਚ 70 ਹਜ਼ਾਰ ਤੋਂ ਵਧ ਸਿੱਖ ਫ਼ੌਜੀ ਮਰੇ ਸਨ। ਇਸ ਤਸਵੀਰ ਦਾ ਫ਼ੌਜੀ ਉਨ੍ਹਾਂ ਮਰਨ ਵਾਲ਼ਿਆਂ 'ਚ ਸੀ। ਕਬੀਰ ਜੀ ਤੇ ਗੁਰੂ ਸਾਹਬਾਨ ਆਖਦੇ ਹਨ ਕਿ ਨਾਲ਼ ਕੋਈ ਨਹੀਂ ਜਾਂਦਾ।

ਤੇਰੇ ਨਾਲ਼ ਕੀ ਤਲੰਗਿਆ ਜਾਣਾ, ਛੱਡ ਗਿਉਂ ਟੇਸ਼ਣ 'ਤੇ...

ਫ਼ਰੰਗੀ ਜਿਵੇਂ ਰੇਲ ਗੱਡੀ 'ਚ ਹੀ ਬੈਠ ਕੇ ਆਏ ਸਨ। ਲੋਕ ਤੇ ਬਾਲਮਨ ਵਿਚ ਰੇਲਗੱਡੀ ਦਾ ਕੋਈ ਅਨੋਖਾ ਮੁਕਾਮ ਹੈ। ਇਹ ਸੁਪਨਿਆਂ ਦੀ ਵਾਹਨ ਹੈ।



ਪਿਛਲੀ ਸਦੀ ਵਿਚ ਕਿਸੇ 'ਜਨਾਬ ਨੂਰ' ਨੇ ਕਾਗ਼ਜ਼ 'ਤੇ ਰੇਲਗੱਡੀ ਵਾਹੀ ਸੀ। ਇਹ ਖਿਡੌਣੇ ਵਰਗੀ ਗੱਡੀ ਕਿਤੇ ਜਾਣੀ ਨਹੀਂ। ਤਕਰੀਬਨ ਹਰ ਭਾਰਤੀ ਫ਼ਿਲਮ ਵਿਚ ਰੇਲਗੱਡੀ ਹੁੰਦੀ ਹੈ; ਖ਼ਾਸਕਰ ਬੰਗਾਲੀ ਫ਼ਿਲਮਾਂ ਵਿਚ। ਇਹ ਪਿੰਡ ਨੂੰ ਸ਼ਹਿਰ ਨਾਲ਼, ਗ਼ੁਰਬਤ ਨੂੰ ਖ਼ੁਸ਼ਹਾਲੀ ਨਾਲ਼ ਮੇਲਣ ਵਾਲ਼ੀ ਸੰਗਯਾ ਤੇ ਕਿਰਿਆ ਹੈ। ਫ਼ੌਜੀਆਂ ਵਾਲ਼ੀ ਗੱਡੀ ਘਰ ਨੂੰ ਮੋਰਚੇ ਨਾਲ਼ ਜੋੜਦੀ ਹੈ ਤੇ ਇਹਦੀ ਵਾਪਸੀ ਯਕੀਨੀ ਨਹੀਂ। ਇਹਦਾ ਸਫ਼ਰ ਇਕਤਰਫ਼ਾ ਹੈ। ਕੁਝ ਸਾਲਾਂ ਨੂੰ 1947 ਵਿਚ ਇਸ ਗੱਡੀ ਨੇ ਇਹੋ ਜਿਹਾ ਇਕ ਹੋਰ ਸਫ਼ਰ ਕਰਨਾ ਹੈ। ਓਦੋਂ ਇਸ ਟੇਸ਼ਣ 'ਤੇ ਕੋਈ ਤੋਰਨ ਵਾਲ਼ਾ ਵੀ ਨਹੀਂ ਹੋਣਾ; ਸਭਨਾਂ ਨੇ ਤੁਰ ਜਾਣਾ ਹੈ। ਉਨ੍ਹਾਂ ਦੀ ਤਸਵੀਰ ਜਿਹਲਮ ਦਾ ਮੁੰਡਾ ਸਤੀਸ਼ ਗੁਜਰਾਲ ਬਣਾਏਗਾ।

ਪੰਜਾਬ ਦੀ ਵੰਡ ਤੇ ਦੋਹਵਾਂ ਜੰਗਾਂ 'ਚ ਹਜ਼ਾਰਾਂ ਫ਼ੌਜੀਆਂ ਦੀਆਂ ਮੌਤਾਂ ਇਸ ਸਦੀ ਦੇ ਬਹੁਤ ਵੱਡੇ ਦੁਖਾਂਤ ਹਨ। ਪੰਜਾਬ ਦਾ ਟੁੱਟਣਾ ਜੰਗਾਂ ਤੋਂ ਵੀ ਵੱਡਾ ਦੁਖਾਂਤ ਹੈ; ਤਾਂਹੀਓਂ ਇਹਦਾ ਕੋਈ ਲੋਕਗੀਤ ਨਹੀਂ ਬਣਿਆ, ਸਿਰਫ਼ ਦੋ-ਤਿੰਨ ਨਜ਼ਮਾਂ ਹੀ ਲਿਖੀਆਂ ਗਈਆਂ ਹਨ। ਜੰਗਾਂ ਦਾ ਦੁੱਖ ਵੀ ਕਿਸੇ ਨਹੀਂ ਲਿਖਿਆ।

ਸਿਗਨਲ ਡਾਊਨ ਹੋ ਚੁੱਕਾ ਹੈ। ਬੇਮੁੱਖ ਗਾਰਡ ਨੇ ਹਰੀ ਝੰਡੀ ਦੇ ਦਿੱਤੀ ਹੈ ਤੇ ਸੀਟੀ ਮਾਰਨ ਲਈ ਸਾਹ ਭਰਿਆ ਹੈ। ਜੇਲਾਂ ਤੇ ਹਸਪਤਾਲਾਂ ਵਿਚ ਵੀ ਰੇਲਗਾਰਡ ਵਰਗੇ ਬੰਦੇ ਹੁੰਦੇ ਹਨ, ਜਿਨ੍ਹਾਂ ਦਾ ਵਜੂਦ ਮੁਲਾਕਾਤੀਆਂ ਨੂੰ ਆਖਦਾ ਹੁੰਦਾ ਹੈ – ਹੁਣ ਬਸ ਵੀ ਕਰੋ। ਵੇਲਾ ਹੋ ਗਿਆ। – ਜੇ ਇਹ ਨਜ਼ਾਰਾ ਕਿਸੇ ਫ਼ਿਲਮ 'ਚ ਹੋਵੇ ਜਾਂ ਡਰਾਮੇ ਵਿਚ, ਤਾਂ ਪਿਛਵਾੜੇ ਕਿਹੋ ਜਿਹਾ ਸੰਗੀਤ ਵੱਜੇ? ਸਾਕਾ ਵਰਤਣ ਵੇਲੇ ਸਾਜ਼ ਨਹੀਂ ਵੱਜਦੇ ਹੁੰਦੇ, ਤੇ ਨਾ ਹੀ ਕੋਈ ਰਫ਼ੀ ਮੁਹੰਮਦ ਗੀਤ ਗਾਉਂਦਾ ਹੁੰਦਾ ਹੈ। ਇੰਜਣ ਨੇ ਹੁਣੇ ਚੀਕ ਮਾਰਨੀ ਹੈ। ਪਹੀਏ ਇਕ ਵਾਰੀ ਲੀਹ 'ਤੇ ਉਂਜ ਹੀ ਘੁੰਮ ਜਾਣਗੇ। ਦਿਲਾਂ ਦੀ ਧੜਕਣ ਖੁੰਝ ਜਾਏਗੀ। ਲੋਹੇ ਦੀਆਂ ਲੀਹਾਂ 'ਤੇ ਧੜਵੈਲ ਪਹੀਆਂ ਦੇ ਘਿਸਰਨ ਦੀ ਆਵਾਜ਼ ਨਿਕਲੇਗੀ। ਖੜਕਦੇ ਡੱਬੇ ਹੁਝਕੇ ਮਾਰਨਗੇ। ਨਾ ਚੱਲਣ ਦੀ ਜ਼ਿਦ ਕਰਨਗੇ।

ਟੁੱਟ ਜਾਏਂ ਰੇਲਗੱਡੀਏ
ਤੇਰਾ ਇੰਜਣ ਹੁਲਾਰੇ ਖਾਵੇ
ਰੋਕੋ ਨੀ ਕੁੜੀਓ ਮੇਰਾ ਢੋਲ ਲਾਮ ਨੂੰ ਜਾਵੇ

ਤਸਵੀਰ ਵਿਚ ਇਕੱਲੇ ਰਹਿ ਗਏ ਫ਼ੌਜੀਆਂ ਦੇ ਸਿਰਾਂ ਦੁਆਲ਼ੇ ਆਭਾਮੰਡਲ ਨਹੀਂ, ਇੰਜਣ ਦੀ ਭਾਫ ਦੇ ਛੱਲੇ ਹਨ। ਇਨ੍ਹਾਂ ਛੱਲਿਆਂ ਨੇ ਹਰ ਸ਼ਕਲ ਸੰਗਲੀ 'ਚ ਪਰੋਈ ਹੋਈ ਹੈ; ਦੁਮੇਲ ਵੀ। ਜਿਵੇਂ ਕੈਲੰਡਰ 'ਤੇ ਕਿਸੇ ਤਾਰੀਖ਼ ਦੁਆਲ਼ੇ ਨਿਸ਼ਾਨੀ ਲਾਈਦੀ ਹੈ, ਇਵੇਂ ਤਸਵੀਰ ਵਿਚ ਟਾਈਮ ਤੇ ਸਪੇਸ ਨੂੰ ਸਿਮਰਤੀ ਨੇ ਬੰਨ੍ਹ ਮਾਰ ਦਿੱਤਾ ਹੈ। ਸਿਮਰਤੀ ਦੀ ਇਹ ਕਾਰ ਕੋਈ ਵੀ ਨਹੀਂ ਉਲੰਘ ਸਕਦਾ।

ਮਰ-ਰਹੇ ਬੰਦੇ ਦੀਆਂ ਅੱਖਾਂ ਅੱਗੇ ਆਖ਼ਿਰੀ ਪਲਾਂ ਵਿਚ ਕੀ ਕੁਝ ਆਉਂਦਾ ਹੋਵੇਗਾ? ਯਮ ਇੰਜਣ 'ਤੇ ਸਵਾਰ ਹੋ ਕੇ ਇਸ ਫ਼ੌਜੀ ਨੂੰ ਲੈਣ ਆਏ ਹੋਣਗੇ। ਇਹਦੀਆਂ ਅੱਖਾਂ ਨੇ ਕੀ ਕੁਝ ਦੇਖਿਆ ਹੋਏਗਾ – ਮਾਂ ਦੇ ਪੈਰ? ਪਿਉ ਦੀ ਬੱਗੀ ਕੰਬਦੀ ਦਾਹੜੀ? ਜਾਂ ਅਪਣੀ ਤੀਵੀਂ ਦੇ ਕੰਨਾਂ ਦੀ ਵਾਲ਼ੀ?


ਬੰਦਰਗਾਹਾਂ ਤੇ ਹਵਾਈ ਅੱਡਿਆਂ 'ਤੇ ਵੀ ਵਿਛੋੜੇ ਦਾ ਸਾਕਾ ਵਾਪਰਦਾ ਹੈ। ਬੰਦਰਗਾਹ ਵਿਚ ਗੱਡੀ ਦੀ ਲੀਹ ਨਹੀਂ ਹੁੰਦੀ, ਪਾਣੀ ਦੀਆਂ ਲਹਿਰਾਂ ਹੁੰਦੀਆਂ ਹਨ। ਹਵਾਈ ਅੱਡੇ ਵਿਚ ਲਹਿਰਾਂ ਤੇ ਲੀਹਾਂ ਖੜ੍ਹੇ ਰੁਖ ਹੋ ਕੇ ਅਲੋਪ ਹੋ ਜਾਂਦੀਆਂ ਹਨ। ਓਥੇ ਦੁਮੇਲ ਨਹੀਂ ਹੁੰਦਾ। ਧਰਤੀ ਤੇ ਆਕਾਸ਼ ਮਿਲ਼ਦੇ ਨਹੀਂ ਕਦੇ ਵੀ, ਜਿਵੇਂ ਰੇਲ ਦੀਆਂ ਲੀਹਾਂ ਨਹੀਂ ਮਿਲ਼ਦੀਆਂ।

ਵਿਛੋੜੇ ਵਿਚ ਮਿਲਾਪ ਵੀ ਹੁੰਦਾ ਹੈ। ਇਸ ਟੱਬਰ ਦੇ ਸਾਰੇ ਜੀਆਂ ਨੂੰ ਸ਼ਾਇਦ ਅੱਜ ਪਹਿਲੀ ਵਾਰ ਪਤਾ ਲੱਗਾ ਹੈ ਕਿ ਇਨ੍ਹਾਂ ਦਾ ਆਪੋ ਵਿਚ ਕਿੰਨਾ ਪਿਆਰ ਹੈ; ਇਨ੍ਹਾਂ ਨੂੰ ਇਕ ਦੂਜੇ ਦੀ ਕਿੰਨੀ ਲੋੜ ਹੈ, ਖ਼ਾਸਕਰ ਜਾਣ ਵਾਲ਼ੇ ਦੀ। ਇਨ੍ਹਾਂ ਦਾ ਇਹੋ ਜਿਹਾ ਮਿਲਾਪ ਪਹਿਲਾਂ ਕਦੇ ਨਹੀਂ ਸੀ ਹੋਇਆ। ਅੱਜ ਵਿਛੜ ਕੇ ਸਾਰੇ ਇਕ ਦੂਜੇ ਦੇ ਬਹੁਤ ਨੇੜੇ ਹੋ ਜਾਣਗੇ।

# ਗੋਰਕੀ ਦੀ ਕਾਲ਼-ਕੋਠੜੀ

ਸੋਵੀਅਤ ਯੂਨੀਅਨ ਜਾਣ ਦਾ ਬੜੇ ਲੋਕ ਸੁਪਨਾ ਲੈਂਦੇ ਹੁੰਦੇ ਸੀ। ਮੇਰਾ ਇਹ ਸੁਪਨਾ 1989 ਵਿਚ ਉਥੇ ਗਏ ਦਾ ਟੁੱਟਾ। ਕਿਤੇ ਵੀ ਖੇੜਾ ਨਜ਼ਰ ਨਾ ਆਇਆ ਤੇ ਨਾ ਰੌਣਕ। ਓਦੋਂ ਦੇ ਸਫ਼ਰ ਦੀਆਂ ਖਿੱਚੀਆਂ ਤਸਵੀਰਾਂ ਜਦ ਕਦੇ ਦੇਖਦਾ ਹਾਂ, ਤਾਂ ਹੌਲ ਪੈਣ ਲਗਦਾ ਹੈ। ਇਨ੍ਹਾਂ ਵਿਚ ਇਕ ਤਸਵੀਰ ਸੇਂਟ ਪੀਟਰਸਬਰਗ ਦੇ ਟਾਪੂ ਵਿਚ ਬਣੇ ਪੀਟਰ ਪਾਲ ਕਿਲੇ ਵਿਚ ਦੀ ਹੈ, ਜਿਸ ਵਿਚ ਮੈਂ ਬੌਂਦਲ਼ਿਆ ਹੋਇਆ ਕੈਮਰੇ ਵਲ ਝਾਕ ਰਿਹਾ ਹਾਂ।

ਪੀਟਰ ਪਾਲ ਕਿਲਾ ਜ਼ਾਰਸ਼ਾਹੀ ਦੇ ਵੇਲੇ ਦਾ ਕਾਲ਼ਾਪਾਣੀ ਹੁੰਦਾ ਸੀ। ਹੁਣ ਓਥੇ ਕੈਦੀ ਨਹੀਂ, ਟੂਰਿਸਟ ਜਾਂਦੇ ਹਨ। ਯੂਰਪ ਦੇ ਕਿਲਿਆਂ ਵਰਗਾ ਕਿਲਾ ਹੈ। ਅੰਨ੍ਹੇਰਾ ਡਿਓੜ੍ਹੀ ਤੋਂ ਹੀ ਸ਼ੁਰੂ ਹੋ ਜਾਂਦਾ ਹੈ। ਜੇਲਰ ਦੇ ਦਫ਼ਤਰ ਵਿਚ ਹੱਥਕੜੀਆਂ, ਬੇੜੀਆਂ, ਕੈਦੀਆਂ ਦੇ ਫਾਂਸੀ ਦੇ ਵਾਰੰਟ ਸਜਾ ਕੇ ਰੱਖੇ ਹੋਏ ਹਨ। ਪੌੜੀਆਂ ਚੜ੍ਹ ਕੇ ਕਾਲ਼-ਕੋਠੜੀਆਂ ਦੀ ਪਾਲ਼ ਹੈ। ਇਕ ਕੋਠੜੀ ਦੇ ਬਾਹਰ ਲਿਖਿਆ ਸੀ: ਇਥੇ ਅਲੈਗਜ਼ਾਂਦਰ ਉਲੀਆਨੋਫ਼ (ਲੇਨਿਨ ਦਾ ਵੱਡਾ ਭਾਈ) ਕੈਦ ਰਿਹਾ। ਇਹ ਏਸੇ ਜੇਲ ਵਿਚ ਫਾਹੇ ਲੱਗਾ ਸੀ। ਲਾਗਲੀ ਕੋਠੜੀ ਦੇ ਬਾਹਰ ਗੋਰਕੀ ਦਾ ਵੇਰਵਾ ਸੀ ਕਿ ਉਹਨੇ 1905 ਦੇ ਇਨਕਲਾਬ ਵੇਲੇ ਇਥੇ ਕੈਦ ਕੱਟੀ। ਗੋਰਕੀ ਦੇ ਨਾਂ ਨਾਲ਼ ਹੀ ਸਰੀਰ ਵਿਚ ਝੁਣਝੁਣੀ ਫਿਰ ਗਈ। ਨਿੱਕੀ ਉਮਰ ਵਿਚ ਇਹਦੀ ਪਹਿਲੀ ਪੜ੍ਹੀ ਕਿਤਾਬ ਮੇਰਾ ਬਚਪਨ ਦੀ ਮਹਿਕ ਯਾਦ ਆ ਗਈ। ਹਿਮਾਚਲ ਵਿਚ ਮੱਕੀ ਦੀ ਪੈਲ਼ੀ ਗੁੱਡਦਾ ਬੁੜ੍ਹਾ ਯਾਦ ਆਇਆ, ਜਿਹਨੇ ਮਾਂ ਨਾਵਲ ਪੜ੍ਹਿਆ ਹੋਇਆ ਸੀ।



ਕੋਠੜੀ ਤਾਂ ਖ਼ਾਲੀ ਸੀ। ਇਤਿਹਾਸ ਬਣੀ ਥਾਂ ਇਸੇ ਤਰ੍ਹਾਂ ਖ਼ਾਲੀ ਹੁੰਦੀ ਹੈ। ਘਰ ਦੀ ਸੱਖਣ ਬੜੀ ਵੱਖਰੀ ਹੁੰਦੀ ਹੈ – ਇਹ ਧੁੰਦ ਵਾਂਙ ਲਟਕਦੀ ਹੈ। ਕੈਦ ਦੀ ਸੱਖਣ ਪਥਰੀਲੀ ਹੁੰਦੀ ਹੈ। ਕੰਧ ਵਿਚ ਲੋਹੇ ਦਾ ਮੰਜਾ ਤੇ ਮੇਜ਼ ਜੜਿਆ ਹੋਇਆ ਸੀ; ਮੇਜ਼ ਦੇ ਉੱਤੇ ਬਿਜਲੀ ਦੇ ਲਾਟੂ ਦਾ ਆਲ਼ਾ। ਹੱਗਣ ਮੂਤਣ ਲਈ ਖੂੰਜੇ ਵਿਚ ਰੱਖੀ ਬਾਲ਼ਟੀ। ਸਿਰ ਤੋਂ ਉਤਾਂਹ ਦੋਹਰੇ ਜੰਗਲ਼ਿਆਂ ਵਾਲ਼ਾ ਰੋਸ਼ਨਦਾਨ। ਕੈਦ ਦੇ ਘੁਪ ਅੰਨ੍ਹੇਰੇ ਵਿਚ ਇਹੀ ਚਮਕਦਾ ਟੁਕੜਾ ਹੁੰਦਾ ਹੋਵੇਗਾ। ਆਸਮਾਨ ਨਹੀਂ ਦਿਸਦਾ ਸੀ। ਬੰਦਾ ਆਸਮਾਨ ਨਾ ਦੇਖ ਸਕੇ; ਸੂਰਜ ਤੇ ਚੰਨ ਤਾਰੇ ਨਾ ਦੇਖ ਸਕੇ; ਇਸ ਤੋਂ ਭੈੜੀ ਸਜ਼ਾ ਹੋਰ ਕੀ ਹੋ ਸਕਦੀ ਹੈ? ਅਮ੍ਰਿਤਸਰ ਜੇਲ ਦੀ ਕੋਠੜੀ ਜਿਥੇ ਮੈਂ ਦੋ ਸਾਲ ਕੱਟੇ ਸਨ, ਇਸ ਕੋਠੜੀ ਨਾਲ਼ੋਂ ਹਵਾਹਾਰੀ ਸੀ। ਪਰ ਓਥੇ ਮੇਜ਼ ਤੇ ਮੰਜਾ ਨਹੀਂ ਸੀ ਹੁੰਦਾ।

ਉਸ ਖ਼ਾਲੀ ਕੋਠੜੀ ਅੰਦਰ ਹੋਰ ਕੀ ਦੇਖਣਾ ਸੀ। ਬਾਹਰ ਲਿਖਿਆ ਸੀ: ਫ਼ੋਟੋ ਲਾਹੁਣਾ ਮਨ੍ਹਾਂ ਹੈ। ਮੈਂ ਅਪਣੇ ਨਾਲ਼-ਦੇ ਨੂੰ ਆਖ ਕੇ ਫ਼ੋਟੋ ਖਿਚਵਾ ਲਈ। ਅੱਜ ਇਹ ਫ਼ੋਟੋ ਦੇਖ ਕੇ ਮੈਨੂੰ ਸ਼ਰਮ ਆਉਂਦੀ ਹੈ। ਮੈਨੂੰ ਓਥੇ ਜਾਣਾ ਹੀ ਨਹੀਂ ਸੀ ਚਾਹੀਦਾ। ਮੈਂ ਇਨਸਾਨਾਂ ਦਾ ਤਸੀਹਾ-ਘਰ ਕਿਉਂ ਦੇਖਿਆ? ਦੇਖੋ, ਬੰਦਾ ਕਿੰਨਾ ਸ਼ੇਖ਼ੀਖ਼ੋਰਾ ਹੈ, ਜੋ ਐਸੀ ਮਨਹੂਸ ਥਾਂ ਖੜ੍ਹਾ ਵੀ ਸਮਝਦਾ ਹੈ ਕਿ ਜਿਵੇਂ ਇਹ ਫ਼ੋਟੋਗਰਾਫ਼ਰ ਦਾ ਸਟੂਡੀਓ ਹੋਵੇ। ਐਸ ਤਰ੍ਹਾਂ ਦੀਆਂ ਤਸਵੀਰਾਂ ਤਾਂ ਲੋਕ ਤਾਜ ਮਹਿਲ, ਪੈਰਿਸ ਦੇ ਆਈਫ਼ਲ ਟਾਵਰ, ਜਾਂ ਲੰਦਨ ਦੇ ਕਬੂਤਰਾਂ ਵਾਲ਼ੇ ਟ੍ਰਫ਼ਾਲਗਰ ਚੌਕ ਵਿਚ ਖੜ੍ਹੋ ਕੇ ਖਿਚਵਾਉਂਦੇ ਹਨ। ਉਨ੍ਹਾਂ ਦੀ ਖ਼ਾਹਸ਼ ਹੁੰਦੀ ਹੈ ਕਿ ਫ਼ੋਟੋ 'ਚੰਗੀ' ਆਵੇ। ਤਬਾਹੀ ਦੀ ਖਿੱਚੀ ਤਸਵੀਰ ਵਿਚ ਵੀ ਸੁਚੱਜੀ ਵਿਉਂਤ (ਕੰਪੋਜ਼ੀਸ਼ਨ) ਦਰਕਾਰ ਹੁੰਦੀ ਹੈ। ਕੁਹਜ ਵਿਚ ਦ੍ਰਿਸ਼ਟੀਗਤ ਸੁਹਜ ਲਭਣਾ ਬੜੀ ਅਜੀਬ ਪ੍ਰਵ੍ਰਿਤੀ ਹੈ। ਮੈਨੂੰ ਪਛਤਾਵਾ ਹੈ ਕਿ ਮੈਂ ਗੋਰਕੀ ਦੀ ਸਮਾਧੀ ਕਿਉਂ ਭੰਗ ਕੀਤੀ? ਕੈਦੀ ਨੰਗਾ ਹੁੰਦਾ ਹੈ। ਉਹਨੂੰ ਓਹਲਾ ਚੰਗਾ ਲਗਦਾ ਹੈ। ਉਹ ਅਪਣਾ ਨੰਗ ਨਹੀਂ ਕਿਸੇ ਨੂੰ ਦਿਖਾਉਣਾ ਚਾਹੁੰਦਾ। ਕੈਦੀ ਤੇ ਪਹਿਰੇਦਾਰ ਦੀ ਇਸ ਕਰਕੇ ਵੀ ਹਮੇਸ਼ਾਂ ਤਣੀ ਰਹਿੰਦੀ ਹੈ। ਕੈਦੀ ਜਿਥੇ ਖਾਂਦਾ ਹੈ, ਓਥੇ ਹੀ ਹੱਗਦਾ ਹੈ। ਪਤਾ ਹੀ ਹੈ, ਇਹ ਗੱਲ ਕਿਹਦੇ ਬਾਰੇ ਆਖੀਦੀ ਹੈ। ਇਸ ਕਾਲ਼-ਕੋਠੜੀ ਵਿਚ ਸਤਾਲਿਨਸ਼ਾਹੀ ਦਾ ਕਾਰਿੰਦਾ ਨਹੀਂ, ਜ਼ਾਰਸ਼ਾਹੀ ਦਾ ਬਾਗ਼ੀ ਹੁਣ ਵੀ ਕੈਦ ਹੈ। ਇਸ ਕੋਠੜੀ ਨੂੰ ਸਤਾਲਿਨਸ਼ਾਹੀ ਵੇਲੇ ਦੇ ਅਣਖੀ ਲੇਖਕਾਂ ਦੀਆਂ ਕਾਲ਼-ਕੋਠੜੀਆਂ ਮੂੰਹ ਚਿੜਾਉਂਦੀਆਂ ਹਨ।

ਏਕਾਂਤ ਕੈਦ ਤੋਂ ਮਾੜੀ ਹੋਰ ਕੋਈ ਸਜ਼ਾ ਨਹੀਂ ਹੁੰਦੀ। ਇਹ ਸਰੀਰ 'ਤੇ ਨਹੀਂ, ਮਨ 'ਤੇ ਮਾਰ ਕਰਦੀ ਹੈ। ਇਹਨੂੰ ਸ਼ਬਦਾਂ ਵਿਚ ਬਿਆਨ ਨਹੀਂ ਕੀਤਾ ਜਾ ਸਕਦਾ। ਉਫ਼, ਉਹ ਥਾਂ; ਜਿਥੇ ਇਨਸਾਨ ਇਨਸਾਨ ਨੂੰ ਨਾ ਛੁਹ ਸਕੇ। ਛੁਹ ਨੂੰ ਤਾਂ ਜਾਨਵਰ ਵੀ ਤਰਸਦੇ ਹਨ। ਕੈਦ ਵਿਚ ਦਿਨ ਬੜਾ ਔਖਾ ਲੰਘਦਾ ਹੈ, ਸਾਲ ਲੰਘਦਿਆਂ ਦਾ ਪਤਾ ਹੀ ਨਹੀਂ ਲਗਦਾ। ਉਸ ਥਾਂ ਉਹਦਾ ਸਰੀਰ ਹੀ ਹੁੰਦਾ ਹੈ। ਕੈਦ ਤਾਂ ਜਾਨਵਰ ਵੀ ਨਹੀਂ ਹੋਣਾ ਚਾਹੁੰਦੇ। ਓਥੇ ਹੁਣ ਦਾ ਵੇਲਾ ਛਪਨ ਹੋ ਜਾਂਦਾ ਹੈ, ਓਥੇ ਜਾਂ ਲੰਘ ਗਿਆ ਵੇਲਾ ਹੁੰਦਾ ਹੈ ਜਾਂ ਆਉਣ ਵਾਲ਼ਾ। ਵਿਚਾਲੇ ਬੰਦੇ ਦਾ ਘਾਣ ਹੁੰਦਾ ਹੈ। ਏਕਾਂਤ ਕੈਦ ਬੰਦੇ ਨੂੰ ਸਹਿਕਣ ਜੋਗਾ ਹੀ ਛੱਡਦੀ ਹੈ। ਏਨਾ ਜਬਰ ਤਾਂ ਜਾਨਵਰ ਵੀ ਅਪਣੀ ਨਸਲ 'ਤੇ ਨਹੀਂ ਕਰਦੇ।

ਜੇਲਖ਼ਾਨੇ ਧਰਤੀ ਦੇ ਸੀਨੇ 'ਤੇ ਰਿਸਦੇ ਘਾਉ ਹਨ। ਇਹ ਦੁਨੀਆ ਦੀ ਸਭ ਤੋਂ ਅੰਨੇਰੀ ਥਾਂ ਹੈ। ਜਿਥੇ ਕਿਤੇ ਵੀ ਇਨਸਾਨ ਕੈਦ ਕੀਤਾ ਜਾਂਦਾ ਹੈ, ਉਹ ਸਭ ਤੋਂ ਅੰਨ੍ਹੇਰੀ ਥਾਂ ਹੁੰਦੀ ਹੈ।

ਇਨਸਾਨ ਦੀ ਯਾਦਗਾਰ ਉਹ ਹੈ, ਜਿਹਦੀ ਜ਼ਿਆਰਤ ਕਰਕੇ ਰੂਹ ਖਿੜ ਜਾਏ। ਉਸ ਸੁਪਨੇ ਦੀ ਤਾਂਘ ਹੋਏ, ਜਿਹੜਾ ਗੋਰਕੀ ਨੇ ਇਸ ਕਾਲ਼-ਕੋਠੜੀ ਵਿਚ ਦੇਖਿਆ ਸੀ। ਵੱਡੇ ਬੰਦਿਆਂ ਦੇ ਦਰਸ਼ਨ ਆਜ਼ਾਦੀ ਦੀਆਂ ਪੌੜੀਆਂ ਚੜ੍ਹ ਕੇ ਹੁੰਦੇ ਹਨ; ਗ਼ੁਲਾਮੀ ਦੀਆਂ ਨਹੀਂ। ਤੌਲਸਤੌਇ ਨੇ ਕਿਹਾ ਸੀ ਕਿ ਗੋਰਕੀ ਅਪਣੀ ਲਿਖਤ ਨਾਲ਼ੋਂ ਵੱਡਾ ਹੈ।

ਜਿਵੇਂ ਸੁਪਨੇ ਵਿਚ ਕਰੀਦੀਆਂ ਹਨ, ਮੈਂ ਗੋਰਕੀ ਨਾਲ਼ ਬੇਆਵਾਜ਼ ਗੱਲਾਂ ਕਰਦਾ ਹਾਂ। ਗੱਲਾਂ ਅਸੀਂ ਪੰਜਾਬੀ ਵਿਚ ਕਰਦੇ ਹਾਂ, ਜੋ ਕਦੇ ਮੁੱਕਦੀਆਂ ਨਹੀਂ। ਮੈਂ ਆਉਣ ਦੀ ਖਿਮਾ ਮੰਗਦਾ ਹਾਂ। ਮੈਂ ਦਸਦਾ ਹਾਂ ਕਿ ਮੈਂ ਉਹਦੇ ਜਿੰਨਾ ਹੀ ਬੇਵੱਸ ਹਾਂ। ਪਰ ਮੈਨੂੰ ਲਗਦਾ ਹੈ, ਗੋਰਕੀ ਨੇ ਮੈਨੂੰ ਮੁਆਫ਼ ਨਹੀਂ ਕਰਨਾ। ਅਜਾਇਬਘਰ ਵਧੀਆ ਸ਼ਬਦ ਹੈ - ਅਜੀਬ, ਅਨੋਖੀ, ਅਦਭੁਤ ਥਾਂ। ਪਾਲ ਪੀਟਰ ਕਿਲੇ ਵਿਚ ਗੋਰਕੀ ਦੀ ਕਾਲ਼-ਕੋਠੜੀ ਦਾ ਕੀ ਮਤਲਬ ਹੋ ਸਕਦਾ ਹੈ, ਜਦ ਅਗਲਿਆਂ ਨੇ ਸਾਰਾ ਮੁਲਕ ਹੀ ਕੈਦਖ਼ਾਨਾ ਬਣਾਇਆ ਹੋਇਆ ਸੀ। ਕੈਦਖ਼ਾਨੇ ਅਜਾਇਬਘਰ ਓਦੋਂ ਹੀ ਬਣੇ ਸੋਭਾ ਦੇਣਗੇ, ਜਦ ਇਕ ਵੀ ਕੈਦਖ਼ਾਨਾ ਨਾ ਰਿਹਾ। ਗੋਰਕੀ ਦੀ ਅਸਲ ਯਾਦਗਾਰ ਉਹਦਾ ਲਿਖਿਆ ਸ਼ਬਦ ਹੈ।



1965 ਦੀ ਇਹ ਤਸਵੀਰ ਸਤਵੰਤ ਕੌਰ (1928-1995) ਦੀ ਹੈ, ਜੀਹਦੇ ਨਾਲ਼ ਕੀਤੀਆਂ ਗੱਲਾਂ ਤੁਸੀਂ ਹੁਣੇ ਪੜ੍ਹਨੀਆਂ ਹਨ। ਨਾਲ਼ ਇਹਦਾ ਆਦਮੀ ਹੈ, ਜਲੰਧਰ ਜ਼ਿਲੇ ਦੇ ਨਗਰ ਬਿਲ਼ਗੇ ਦਾ ਮਹਿੰਦਰ ਸਿੰਘ ਮਠਾੜੂ ਤੇ ਪਛਾੜੀ ਇਨ੍ਹਾਂ ਦਾ ਪੁਤ ਬਲਵਿੰਦਰ, ਜੋ ਫ਼ੋਟੋ ਖਿੱਚੇ ਜਾਣ ਵੇਲੇ ਗਿਆਰਾਂ ਸਾਲਾਂ ਦਾ ਸੀ; ਹੁਣ ਇਹ ਇੰਗਲੈਂਡ ਰਹਿੰਦਾ ਕਾਮਯਾਬ ਆਰਕੀਟੈਕਟ ਹੈ ਤੇ ਕਵਿਤਾ ਵੀ ਲਿਖਦਾ ਹੈ।

ਇਹ ਕੋਈ ਨਾਟਕੀ ਤਸਵੀਰ ਨਹੀਂ, ਪਰ ਇਸ ਵਿਚ ਇਨ੍ਹਾਂ ਤਿੰਨਾਂ ਜੀਉੜਿਆਂ ਦਾ ਇਤਿਹਾਸ ਦਰਜ ਹੈ; ਜਿਹਨੂੰ ਪੜ੍ਹ ਤਾਂ ਇਹੀ ਸਕਦੇ ਹਨ, ਮੇਰੇ ਤੁਹਾਡੇ ਵਰਗੇ ਤਾਂ ਸਿਰਫ਼ ਅੰਦਾਜ਼ਾ ਹੀ ਲਾ ਸਕਦੇ ਹਨ।

ਮਹਿੰਦਰ ਸਿੰਘ ਦੇ ਪਹਿਲੀ ਵਾਰੀ ਸੰਨ 1954 ਚ ਇੰਗਲੈਂਡ ਆਉਣ ਮਗਰੋਂ ਬਲਵਿੰਦਰ ਹੋਇਆ ਸੀ। ਇਹ ਤਿੰਨੇ ਰੂਹਾਂ ਗਿਆਰਾਂ ਸਾਲ ਵਿਛੜੀਆਂ ਰਹੀਆਂ। ਬੰਦੇ ਦਾ ਜੇਰਾ ਦੇਖੋ ਕਿ ਸੱਤਾਂ ਘਰਾਂ ਚ ਮਸਾਂ-ਮਸਾਂ ਹੋਏ ਪੁਤ ਨੂੰ ਏਨੇ ਸਾਲਾਂ ਮਗਰੋਂ ਮਿਲ਼ਿਆ। ਇਸ ਤਸਵੀਰ ਵਿਚ ਚਿਹਰਿਆਂ ਦੀ ਨਿਰੰਤਰ ਤਿਕੋਣ ਹੈ, ਜੋ ਕਿਸੇ ਇਕ ਚਿਹਰੇ ਤੋਂ ਸ਼ੁਰੂ ਨਹੀਂ ਹੁੰਦੀ ਤੇ ਨਾ ਹੀ ਮੁੱਕਦੀ ਹੈ। ਤੁਸੀਂ ਹੋਰ ਨੀਝ ਲਾ ਕੇ ਦੇਖੋ - ਇਹ ਤਿਕੋਣ ਤਿਕੋਣ ਨਹੀਂ ਰਹੀ, ਦਾਇਰਾ ਬਣ ਗਈ ਹੈ।

ਪੋਜ਼ ਕੀਤੀ ਇਸ ਫ਼ੋਟੋ ਵਿਚ ਉਚੇਚ ਤਾਂ ਹੈ ਹੀ - ਕਪੜਿਆਂ ਵਿਚ, ਬੈਠਣ ਖੜੋਣ ਦੇ ਅੰਦਾਜ਼ ਵਿਚ, ਪਿਛਾੜੀ ਟੰਗੀ ਮੋਰਾਂ ਵਾਲ਼ੀ ਚੱਦਰ ਤੇ ਬੀਬੀ ਦੇ ਮੁਰਗ਼ਾਬੀਆਂ ਦੇ ਪ੍ਰਿੰਟ ਵਾਲ਼ੇ ਜੰਪਰ

ਵਿਚ। ਪਰ ਬੀਬੀ ਸਤਵੰਤ ਨੇ ਦੋ ਗੱਲਾਂ ਵਿਚ ਖੁੱਲ੍ਹ ਲਈ ਹੋਈ ਹੈ – ਇਹਨੇ ਸ਼ਫ਼ੂਨ-ਕਰੇਪ ਦੀ ਚੁੰਨੀ ਨਾਲ਼ ਅਪਣਾ ਜੂੜੇ ਵਾਲ਼ਾ ਸਿਰ ਨਹੀਂ ਢਕਿਆ ਤੇ ਘੜੀ ਵਾਲ਼ੀ ਅਪਣੀ ਖੱਬੀ ਬਾਂਹ ਅਪਣੇ ਆਦਮੀ ਦੀ ਬਾਂਹ ਨਾਲ਼ ਲਾ ਕੇ ਬੈਠੀ ਹੈ। ਇਸ ਖੁੱਲ੍ਹ ਦਾ ਇਕ ਕਾਰਣ ਇਹ ਵੀ ਹੈ ਕਿ ਇਹ ਫ਼ੋਟੋ ਮਹਿੰਦਰ ਸਿੰਘ ਨੇ ਆਪ ਹੀ ਖਿੱਚੀ ਸੀ, ਔਟੋਮੈਟਿਕ ਕੈਮਰੇ ਨਾਲ਼। ਬੀਬੀ ਫ਼ੋਟੋ ਵਿਚ ਅਪਣੀ ਉਮਰ ਨਾਲ਼ੋਂ ਕਿਤੇ ਛੋਟੀ ਲਗਦੀ ਹੈ।

ਗੁਰਬਖ਼ਸ਼ ਸਿੰਘ ਨੇ ਲਿਖਿਆ ਸੀ ਕਿ ਜਦ ਮੈਂ ਫ਼ੋਟੋ ਖਿਚਾਵਾਂ, ਤਾਂ ਮਨ ਚ ਧਾਰ ਲੈਂਦਾ ਹਾਂ ਕਿ ਮੈਂ ਅਪਣੀ ਸੱਜਣੀ ਵਲ ਦੇਖ ਰਿਹਾ ਹਾਂ। ਪਰ ਏਸ ਤਸਵੀਰ ਦੇ ਜੀਆਂ ਨੂੰ ਅਪਣੇ ਪਿਆਰੇ ਦੇ ਕਿਆਸ ਦੀ ਲੋੜ ਹੀ ਨਹੀਂ ਸੀ; ਇਹ ਤਾਂ ਸੱਚੀਮੁੱਚੀ ਦੇ ਵਸਲ ਦੀ ਤਸਵੀਰ ਹੈ। ਪਰ ਨਾਲ਼ ਹੀ ਇਸ ਵਿਚ ਵੱਡੇ ਵਿਛੋੜੇ ਦੀ ਭਵਿਖਬਾਣੀ ਹੈ – ਸਤ ਸਾਲਾਂ ਮਗਰੋਂ ਮਹਿੰਦਰ ਸਿੰਘ ਨੇ ਬੈੱਡਫ਼ਰਡ (ਇੰਗਲੈਂਡ) ਵਿਚ ਸੜਕ ਹਾਦਸੇ ਵਿਚ ਮੁੱਕ ਜਾਣਾ ਸੀ ਤੇ ਤੀਹ ਸਾਲਾਂ ਮਗਰੋਂ ਬੀਬੀ ਨੇ।

ਬੀਬੀ ਦੀਆਂ ਸਹਿਜ-ਭਾਅ ਕੀਤੀਆਂ ਗੱਲਾਂ ਵਿਚ ਸੋਚ ਭਾਵਨਾ ਨਾਲ਼ ਇਕਸੁਰ ਹੈ। ਇਹ ਗੁਣ ਪੰਜਾਬੀ ਦੀ ਕਿਸੇ ਵੀ ਲੇਖਿਕਾ ਦੀ ਲਿਖਤ ਵਿਚ ਨਹੀਂ ਦਿਸਦਾ। ਇਸ ਇਕਸੁਰਤਾ ਦੇ ਦਰਸ਼ਨ ਮਹਾਕਵੀ ਪੂਰਨ ਸਿੰਘ ਦੀ ਪਤਨੀ ਮਾਇਆ ਦੇਵੀ ਦੀਆਂ ਲਿਖੀਆਂ ਯਾਦਾਂ ਵਿਚ ਵੀ ਹੁੰਦੇ ਹਨ।

– ਬੀਬੀ ਤੁਹਾਨੂੰ ਨਿੱਕੇ-ਹੁੰਦਿਆਂ ਦਾ ਕਿੰਨਾ-ਕੁ ਚੇਤਾ ਹੈ?

– ਕਿਧਰੋਂ ਸ਼ੁਰੂ ਕਰੀਏ ਤੇ ਕਿਧਰੋਂ ਖਤਮ ਕਰੀਏ, ਇਹ ਸਮਝ ਨਹੀਂ ਲਗਦੀ। ਭਰਾ ਬਰਮਾ 'ਚ ਰਹਿੰਦੇ ਸੀਗੇ। ਮੈਂ ਛੋਟੀ ਸੀਗੀ। ਉਹ ਆਏ। ਮੈਂ ਉਨ੍ਹਾਂ ਦੇ ਨਾਲ਼ ਤਿਆਰ ਹੋ ਗਈ। ਇਹ ਬਰਮਾ ਦੇ ਰੌਲ਼ੇ ਪੈਣ [ਦੂਜੀ ਜੰਗ (1939)] ਤੋਂ ਚਾਰ-ਕੁ ਸਾਲ ਦੀ ਪਹਿਲਾਂ ਦੀ ਗੱਲ ਆ। ਮੇਰਾ ਜਨਮ '28 ਦਾ ਆ। ਮੈਂ ਸੋਚਣਾ ਮੈਂ ਕੱਲੀ ਰਹਿ ਜਾਵਾਂ, ਜਦ ਕੋਈ ਵੀ ਨਾ ਦਿਸੇ, ਮੈਂ ਚਲੇ ਜਾਵਾਂ ਅਪਣੇ ਭਰਾਵਾਂ ਕੋਲ਼। ਜਦ ਮੈਂ ਕੱਲੀ ਰਹਿ ਜਾਵਾਂ, ਤੇ ਓਥੇ ਮੇਰਾ ਕੋਈ ਨਾ ਹੋਵੇ, ਤਾਂ ਮੈਂ ਅਪਣੇ ਇਕੱਲਪੁਣੇ ਨੂੰ ਕਿੱਦਾਂ ਕੱਟਾਂ? ਤੇ ਫੇਰ ਮੈਂ ਲੱਭਦੀ-ਲੱਭਦੀ ਉਨ੍ਹਾਂ ਨੂੰ ਲੱਭ ਲਵਾਂ। ਫੇਰ ਮੈਨੂੰ ਕਿੰਨੀ ਖ਼ੁਸ਼ੀ ਹੋਵੇ ਕਿ ਮੈਨੂੰ ਉਹ ਲੱਭ ਪਏ ਆ।

ਤੇ ਫੇਰ ਜਦ ਉਹ ਆਏ, ਓਹੋ ਜਹੀ ਨੇਰ੍ਹੀ ਫੇਰ ਕਦੀ ਨਹੀਂ ਆਈ। ਇਕਦਮ ਕਾਲ਼ੀਬੋਲ਼ੀ। ਤੰਦੂਰਾਂ ਚ ਰੋਟੀਆਂ ਲਾਉਂਦੀਆਂ ਸੀਗੀਆਂ। ਜਿਥੇ ਕੋਈ ਸੀਗਾ, ਓਥੇ ਈ ਬਹਿ ਗਿਆ, ਖੂਹ ਦੀ ਮੌਣ ਨੂੰ ਹੱਥ ਪਾ ਕੇ। ਲੋਕਾਂ ਦੇ ਦਰਾਂ ਮੂਹਰੇ ਦੋ-ਦੋ ਫੁਟ ਰੇਤਾ ਆ ਗਈ ਸੀ। ਦਰਵਾਜ਼ੇ ਨਹੀਂ ਸੀ ਖੁੱਲ੍ਹਦੇ। ਵੱਡਾ ਭਰਾ ਬਰਮਾ ਨੂੰ ਚੱਲਿਆ, ਤਾਂ ਨਾਲ਼ ਮੈਂ ਵੀ ਤਿਆਰ ਹੋ ਗਈ। ਮਾਂ ਕਹਿੰਦੀ: ਤੂੰ ਜਾਣਾ ਨਹੀਂ। ਮੈਂ ਸਾਰੀ ਰਾਤ ਰੋ-ਰੋ ਕੱਟੀ ਕਿ ਮੈਂ ਜਾਣਾ।

– ਤੁਹਾਡੇ ਕਿੰਨੇ ਭਰਾ ਬਰਮਾ ਗਏ ਸੀ, ਕੀ ਕਰਨ ਗਏ ਸੀ?

– ਤਿੰਨ ਸੀ। ਕੰਮ ਕਰਨ ਗਏ ਸੀ [ਹੱਸ ਕੇ] ਰੋਟੀ ਕਮਾਉਣ ਵਾਸਤੇ। ਪਹਿਲਾਂ ਸ਼ੈਤ ਛੋਟਾ ਗਿਆ ਸੀ। ਮੈਨੂੰ ਪੱਕਾ ਚੇਤਾ ਨਹੀਂ। ਵੱਡਾ ਨਰੰਜਣ ਸਿੰਘ। ਓਦੂੰ ਛੋਟਾ ਹਰਬੰਸ ਸਿੰਘ ਤੇ ਇਕ ਛਡ ਕੇ ਤੀਜਾ ਸਵਰਨ ਸਿੰਘ। ਮੈਨੂੰ ਇਨ੍ਹਾਂ ਦੇ ਜਾਣ ਦੀ ਕੋਈ ਹੋਸ਼ ਨਹੀਂ। ਇਕ ਤਾਂ

ਵਿਆਹ ਕੇ ਹੀ ਚਲੇ ਗਿਆ ਸੀ। ਤੇਰਾਂ ਕੁ ਸਾਲਾਂ ਦਾ ਸੀ। ਚਾਰ ਪੰਜ ਸਾਲ ਬਾਅਦ ਫੇਰ ਉਹ ਆਇਆ, ਤਾਂ ਓਦੋਂ ਦੀ ਮੈਨੂੰ ਹੋਸ਼ ਆ। ਜਿਹੜਾ ਦੂਸਰਾ ਸੀ ਜਾਂ ਮੈਨੂੰ ਸੁਪਨਾ ਆਇਆ ਜਾਂ ਮੈਨੂੰ ਮੇਰੀ ਮਾਂ ਦੇ ਦੱਸਣ ਤੋਂ ਪਤਾ ਆ – ਮੇਰਾ ਭਰਾ ਲਹੌਰੋਂ ਮੇਰੇ ਲਈ ਫਰਾਕ ਲਿਆਇਆ ਤੇ ਮੈਨੂੰ ਪਾਉਂਦਾ। ਉਹਦੇ ਚੈੱਕ ਦਾ ਮੈਨੂੰ ਚੇਤਾ ਆ।

– ਕਿਹੋ ਜਿਹਾ ਚੈੱਕ ਸੀ ਉਹਦਾ?

– ਉਹਦਾ ਰੰਗ ਪੀਚ-ਜਿਹਾ ਸੀ। ਵਿਚ ਕਾਲ਼ੇ-ਜਿਹੇ ਡੋਰੇ ਸੀ। ਅੱਧੀ ਰਾਤ ਸੀ ਤੇ ਮੈਨੂੰ ਉਠਾਲ਼ ਕੇ ਫਰਾਕ ਪਾਉਂਦਾ ਸੀ। ਉਹਦੀ ਲੜਕੀ ਤਕਰੀਬਨ ਮੈਥੋਂ ਸਾਲ ਸਵਾ-ਸਾਲ ਛੋਟੀ ਸੀ। ਉਹ ਛੱਡ ਕੇ ਬਰਮਾ ਚਲੇ ਗਿਆ। ਮੁੜ ਨਹੀਂ ਆਇਆ। ਓਧਰ ਹੀ ਮੁੱਕ ਗਿਆ। ਭਰਾ ਮੈਨੂੰ ਆਪ ਮੋਢੇ ਲਾ ਕੇ ਸੁਆਲ਼ ਕੇ ਮੰਜੇ 'ਤੇ ਪਾ ਗਿਆ। ਜਦ ਅੱਖ ਖੁੱਲ੍ਹੀ, ਤਾਂ ਚੀਕਾਂ ਮਾਰ-ਮਾਰ ਰੋਈ। ਬਾਹਰਲਾ ਜਿੰਦਾ ਲਾਇਆ ਸੀ। ਫੇਰ ਕੋਈ ਮਗਰ ਸੈਕਲ 'ਤੇ ਗਿਆ ਤੇ ਓਨ ਦੱਸਿਆ ਕਿ ਕੁੜੀ ਨੇ ਮਰ ਜਾਣਾ। ਤਾਂ ਭਰਾ ਕਹਿੰਦਾ: ਮੈਂ ਗੱਡੀ ਨਹੀਂ ਚੜ੍ਹਨਾ, ਵਾਪਸ ਮੁੜ ਜਾਣਾ।

– ਤੁਹਾਡੇ ਪੇਕੇ ਪਿੰਡ ਚਾਚੋਕੀ ਤੋਂ ਹੋਰ ਕੌਣ ਗਿਆ ਸੀ ਬਰਮਾ ਨੂੰ?

– ਨਹੀਂ। ਮੇਰੇ ਨਾਨਕੇ ਸਾਰੇ ਸੀ ਓਥੇ। ਮੇਰੇ ਨਾਨਕੇ ਮਨਸੂਰਪੁਰ ਆ। ਮੇਰੇ ਭਰਾ ਠੇਕੇ ਲੈਂਦੇ ਸੀ। ਉਨ੍ਹਾਂ ਥੱਲੇ ਗੋਰੇ ਵੀ ਕੰਮ ਕਰਦੇ ਸੀ। ਫੇਰ ਜੰਗ ਲਗ ਗਈ। ਮੁੜਨਾ ਪਿਆ। ਸਾਢੇ ਚਾਰ ਮਹੀਨੇ ਲਾ ਕੇ ਆ ਕੇ ਬੰਨੇ ਲੱਗੇ ਤੁਰਕੇ। ਕਪੜਾ ਦੁਆਲ਼ੇ ਨਾ ਸੀ। ਦਰੀ ਪਿੱਛੇ ਬੰਨ੍ਹੀ ਹੋਈ ਤੇ ਜੰਗਾਲ ਲੱਗੀ ਹੱਥ ਚ ਪੀਪੀ ਤੇ ਪਿਤਲ਼ ਦਾ ਗਲਾਸ। ਪਿੰਡ ਦੇ ਲਾਗੇ ਆ ਕੇ ਸਾਡਾ ਰੋਹੀ ਵਾਲ਼ਾ ਖੂਹ ਕਹਿੰਦੇ ਸੀ। ਬੀਬੀਆਂ ਬਾਲਣ ਲਈ ਪੱਤੇ ਕੱਠੇ ਕਰਦੀਆਂ ਸੀ। ਭਰਾ ਉਤਰ ਕੇ ਕਹਿੰਦਾ: ਚਾਚੀ ਸਾਸ੍ਰੀਕਾਲ! – ਚਾਚੀ ਕਹਿੰਦੀ: ਵੇ ਤੂੰ ਸਵਰਨ ਸੂੰਹ ਆਂ?

– ਕੋਈ ਮਨ ਚ ਨਕਸ਼ਾ ਬਣਦਾ ਸੀ ਬਰਮਾ ਕਿਥੇ ਹੈ ਇਸ ਧਰਤੀ 'ਤੇ?

– ਹਾਂ ਬਣਦਾ ਸੀ। ਮੈਨੂੰ ਪਤਾ ਸੀ ਭਰਾ ਬਰਮਾ ਗਏ ਆ। ਚਿੱਠੀਆਂ ਆਉਂਦੀਆਂ ਸੀ। ਮੈਂ ਖੁਦ ਥੋੜਾ-ਥੋੜਾ ਪੜ੍ਹਨ ਲੱਗ ਪਈ ਸੀ। ਨਕਸ਼ਾ ਤਾਂ ਨਹੀਂ ਮੈਨੂੰ ਦੇਖਣਾ ਆਉਂਦਾ। ਜਿੱਦਾਂ ਘਰ ਚ ਗੱਲਾਂ ਕਰਦੇ ਸੀ – ਬਰਮਾ ਕੋਈ ਮੁਲਕ ਆ। ਅਸੀਂ ਕਿਹੜਾ ਅਖਬਾਰਾਂ ਪੜ੍ਹਦੇ ਸੀ ਜਾਂ ਰੇਡੀਓ ਸੁਣਦੇ ਸੀ। ਸਾਡੀ ਮਾਂ ਨੇ ਅਪਣੇ ਭਰਾਵਾਂ ਦੀਆਂ ਫੋਟੋਆਂ ਲਾਈਆਂ ਹੋਈਆਂ ਸੀ; 'ਏਹ ਭਰਾ ਰੰਗੂਨ ਰਹਿੰਦਾ' – ਏਦਾਂ ਕਰਕੇ। ਸਾਨੂੰ ਵੀ ਉਹ ਰਟ ਪਿਆ ਹੋਇਆ ਸੀ।

– ਤੁਹਾਡੇ ਪਿੰਡੋਂ ਹੋਰਨਾਂ ਮੁਲਕਾਂ ਨੂੰ ਵੀ ਲੋਕ ਗਏ ਸੀ?

– ਹਾਂ ਅਫ਼ਰੀਕਾ ਨੂੰ। ਸਾਡੀ ਕਾਫ਼ੀ ਹੋਸ਼ ਤੋਂ ਪਹਿਲਾਂ ਮਿਲਕਣ (ਅਮਰੀਕਾ) ਨੂੰ। ਸਾਡੇ ਚਾਚੇ ਦੋ ਗਏ ਹੋਏ ਸੀ। ਉਨ੍ਹਾਂ ਦਾ ਨਾਂ-ਨਿਸ਼ਾਨ ਨਹੀਂ। ਆਏ ਨਹੀਂ ਮੁੜ ਕੇ। ਇਕ ਦਾ ਨਾਂ ਲਾਲ ਸਿੰਘ ਸੀ ਤੇ ਇਕ ਦਾ ਕਰਮਾ। ਪਤਾ ਨਹੀਂ ਮਿਲਕਣ ਕਿਥੇ ਗਏ ਸੀ। ਜਿਹੜਾ ਮੁੜਿਆ, ਉਹਦਾ ਨਾਂ ਕਿਸ਼ਨ ਸਿੰਘ ਸੀ। ਸਾਰੇ ਵਿਆਹ ਕਰਾ ਕੇ ਗਏ ਸੀ। ਹਾਂ ਜੀ, ਉਨ੍ਹਾਂ ਦੀਆਂ ਜਨਾਨੀਆਂ ਏਨੀਆਂ ਖ਼ੂਬਸੂਰਤ ਸੀਗੀਆਂ। ਪਹਿਲਾ ਇਕ ਤਾਂ ਵਿਆਹਿਆ ਸੀ। ਉਹਦੀ ਤਾਂ ਪਹਿਲੀ ਜਨਾਨੀ ਸੀ। ਹੈਗੀ ਆ ਹਜੇ। ਉਹ ਜਾਣੀ ਮੇਰੀ ਮਾਂ ਬਣੀ ਹੋਈ ਆ। ਇਕ ਜਿਹੜੀ

ਸੀ, ਉਹਦੇ ਲੜਕਾ ਹੋਇਆ, ਤਾਂ ਮਰ ਗਿਆ ਤੇ ਆਪ ਵੀ ਮਰ ਗਈ। ਫੇਰ [ਚਾਚੇ ਦਾ] ਸੋਲਾਂ ਸਾਲਾਂ ਦੀ ਕੁੜੀ ਨਾਲ਼ ਵਿਆਹ ਕਰ 'ਤਾ। ਵਿਆਹ ਤੋਂ ਸਾਲ ਛੇ ਮਹੀਨੇ ਬਾਅਦ ਉਹ ਚਲੇ ਗਿਆ। ਚਲੇ ਗਿਆ, ਤਾਂ ਉਹ ਚਾਚਾ ਨਹੀਂ ਆਇਆ ਮੁੜ ਕੇ। ਉਹਦੀ ਭੈਣ ਪਰਸਿੰਨੋਂ ਤੁਰਨ ਲੱਗੇ ਨੂੰ ਕਹਿੰਦੀ – ਲਾਲਾ ਸਿਹਾਂ, ਮੈਂ ਕੀ ਦੇਖੂੰਗੀ? ਮੈਂ ਬਚ ਨਹੀਂ ਸਕਦੀ ਤੈਥੋਂ ਬਿਨਾਂ। ਤੂੰ ਅਪਣੀ ਪੱਗ ਲਾਹ ਕੇ ਟੰਗ ਜਾ। – ਉਹ ਹਰ ਸਾਲ ਓਸ ਦਿਨ ਆ ਕੇ ਅਪਣੇ ਭਰਾ ਦੀ ਪੱਗ 'ਤੇ ਰੇਸ਼ਮੀ ਰੁਮਾਲ ਪਾਉਂਦੀ ਸੀ। ਫੇਰ ਸਾਡੀ ਚਾਚੀ ਦਾ ਸੋਟੀ ਨਾਲ਼ ਮੁਕਲਾਵਾ ਲਿਆਂਦਾ। ਬੜੀ ਸੁਣੱਖੀ ਸੀ। ਏਸ ਕਾਕੇ ਤੋਂ ਵੱਡੀ ਕੁੜੀ ਆ ਏਥੇ। ਉਹ ਜਦੋਂ ਹੋਈ, ਤਾਂ ਚਾਚੀ ਮਰੀ ਸੀ।

ਬੜੀ ਤਕਲੀਫ਼ ਕੱਟੀ। ਫੇਰ ਚਾਚਾ ਲਾਲ ਸਿੰਘ ਆਇਆ। ਬੁੱਢਾ ਹੋਇਆ ਸੀ, ਪੰਝਤਰਾਂ-ਅੱਸੀਆਂ ਦੇ ਨੇੜੇ। ਚਾਚੀ ਨੇ ਮਹਿੰ ਲਈ ਹੋਈ ਸੀ। ਸਾਡੀ ਮਾਂ ਦੇ ਨਾਨਕਿਆਂ ਤੋਂ ਸੀ। ਜਦ ਅਸੀਂ ਗਏ ਮਿਲਣ, ਅਸੀਂ ਕਿਹਾ: ਬੀਬੀ, ਤੈਨੂੰ ਵਧਾਈਆਂ। – ਰੋ ਕੇ ਕਹਿੰਦੀ: ਅੱਜ ਪਰਸ ਰਾਮ ਹੁੰਦਾ। ਮੈਨੂੰ ਆਦਮੀ ਤਾਂ ਲੱਭ ਗਿਆ, ਪਰ ਪੁੱਤ ਨਹੀਂ ਲੱਭਣਾ। – ਚਾਚਾ ਫੇਰ ਮੁੜ ਗਿਆ ਆਖ ਕੇ: ਤੈਨੂੰ ਮੰਗਾ ਲੈਣਾ।

– ਮਿਲਕਣ ਚਾਚਿਆਂ ਨੇ ਹੋਰ ਵਿਆਹ ਕਰਵਾਏ ਸੀ?

– ਇਹ ਨਹੀਂ ਪਤਾ। ਅਫਵਾਹਾਂ ਤਾਂ ਕਈ ਵਾਰੀ ਹੁੰਦੀਆਂ ਵੀ ਆ। ਬਿਆਹ ਕਰਵਾਇਆ ਤਾਂ ਕੋਈ ਨਾ ਸੀ ਦਸਦਾ, ਪੜਦਾ ਈ ਰੱਖਦੇ ਹੁੰਦੇ ਸੀ। ਪੈਸਾ-ਧੇਲਾ ਸੁੱਖ-ਸਨੇਹਾ ਘਟ ਹੀ ਘੱਲਦੇ ਸੀ। ਅੱਜ ਕਲ੍ਹ ਤਾਂ ਫੋਟੋਆਂ ਝਟ ਈ ਭੇਜ ਦਿੰਦੇ ਹਾਂ। ਓਦੋਂ ਨਹੀਂ ਸੀ ਭੇਜਦੇ। ਕਦੀ ਦੇਖੀਆਂ ਨਾ ਸੀ। ਚਿੱਠੀ ਵੀ ਸਾਲ-ਛੇਈਂ-ਮਹੀਨੀਂ ਆਉਂਦੀ ਸੀ।

– ਘਰੋਂ ਤੁਰਨ ਲੱਗਿਆਂ ਕੀ ਰਸਮਾਂ ਕਰਦੇ ਹੁੰਦੇ ਸੀ?

– ਚਾਵਾਂ ਨਾਲ਼ ਤੋਰਦੇ ਹੁੰਦੇ ਸੀ। ਭਰਾ ਗਏ, ਤਾਂ ਮਾਂ ਨੇ ਬੜੇ ਸੁਹਣੇ ਸਗਨ ਕਰਕੇ ਤੋਰਨਾ। ਕਹਿਣਾ – ਨੇੜ੍ਹੇ-ਸਨੇੜ੍ਹੇ ਕੋਈ ਟੱਕਰੇ ਨਾ। – ਇਕ ਸਾਡੀ ਭਰਜਾਈ ਨਵੀਂ-ਨਵੇਲੀ ਦੋ ਵਾਰੀ ਆਈ ਸੀ। ਸਮਝੋ, ਓਦੋਂ ਏਦਾਂ ਰਵਾਜ ਹੀ ਸੀਗਾ ਕਿ ਕੁੜੀਆਂ ਬੀਬੀਆਂ ਨੇ ਆਉਣਾ, ਤਾਂ ਦੋ-ਚਾਰ ਮਹੀਨੇ ਰਹਿਣਾ। ਘਰਵਾਲ਼ਿਆਂ ਨੇ ਜਾਣਾ, ਤਾਂ ਓਨ੍ਹੀਂ ਪੇਕਿਆਂ ਨੂੰ ਚਲੇ ਜਾਣਾ। ਸਾਡੀ ਮਾਂ ਨੇ ਸਾਡੀ ਭਰਜਾਈ ਨੂੰ ਪਿੱਛੇ ਨਹੀਂ ਸੀ ਛੱਡਿਆ। ਜਦ ਆਦਮੀਆਂ ਨੇ ਮੁੜਨਾ, ਤਾਂ ਤੇਲ ਚੋਣਾ। ਲੋਕਾਂ ਨੂੰ ਖੁਸ਼ ਹੋ ਕੇ ਦੱਸਣਾ ਕਿ ਮੁੰਡਾ ਆਇਆ ਹੋਇਆ।

– ਬਲਵਿੰਦਰ ਦਾ ਭਾਪਾ ਇੰਗਲੈਂਡ ਪਹਿਲਾਂ ਕਦੋਂ ਆਇਆ ਸੀ?

– ਚੁਰਿੰਜਾ ਵਿਚ। ਮੇਰਾ ਖਿਆਲ ਆ ਸਤਾਈ ਮਾਰਚ ਦਾ ਦਿਨ ਸੀ। ਓਦੋਂ ਬਸ ਤਿਆਰ ਹੋਏ ਤੇ ਤੁਰ ਪਏ। ਏਦਾਂ ਵੀ ਨਾ ਸੀ ਕਿ ਆਦਮੀ ਚੱਲਿਆ, ਤਾਂ ਔਰਤ ਨੇ ਮਿਲ਼ ਹੀ ਲਿਆ, ਸਾਸ੍ਰੀਕਾਲ ਬੁਲਾ ਲਈ। (ਹੱਸਦਿਆਂ) ਝੁੰਡ ਏਡਾ ਕੱਢਿਆ ਹੋਇਆ। ਇਹ ਤੁਰਨ ਲੱਗੇ। ਬਾਹਰ ਭਾਈਆ ਜੀ ਪੌੜੀ 'ਤੇ ਖੜ੍ਹੇ। ਉਨ੍ਹਾਂ ਨੇ ਕਾਲ਼ੀਆਂ ਐਨਕਾਂ ਲਾ ਲਈਆਂ। ਮੈਂ ਅੰਦਰੇ ਹੀ ਹੱਸ ਪਈ। ਕਹਿੰਦੇ – ਕੁਸ਼ ਰਹਿ ਤਾਂ ਨਹੀਂ ਗਿਆ? – ਇਹ ਜਦ ਕਦੀ ਕੰਮ 'ਤੇ ਵੀ ਜਾਂਦੇ ਸੀ, ਏਹੀ ਗੱਲ ਕਰਨੀ। ਮੈਂ ਕਿਹਾ: ਰਹਿ ਗਈ ਆਂ ਮੈਂ! – ਕਹਿੰਦੇ: ਇਹ ਤਾਂ ਮੈਨੂੰ

ਪਤਾ! – ਬਸ ਹੈਨੀ ਗੱਲ ਹੋਈ। ਸਟੇਸ਼ਨ 'ਤੇ ਭੈਣਾਂ ਗਈਆਂ ਚੜ੍ਹਾਉਣ। ਮੈਂ ਨਹੀਂ ਗਈ। ਬਸ ਉਸ ਵੇਲੇ ਦੀਆਂ ਗੱਲਾਂ ਕੁਛ ਐਹੋ ਜਿਹੀਆਂ ਸੀ। ਫਖਰ ਸਮਝਦੀ ਸੀ ਨਹੀਂ ਗਈ। ਇਹਦਾ [ਬਲਵਿੰਦਰ ਦਾ] ਸਤਾਈ ਦਿਨ ਪਿੱਛੋਂ ਜਨਮ ਆ ਕਾਕੇ ਦਾ। ਫੇਰ ਇਹਦੀ ਵੱਡੀ ਭੂਆ ਕਹਿਣ ਲੱਗੀ: ਭਰਜਾਈ ਤੂੰ ਗਈ ਨਹੀਂ। ਬੀਬੀ ਬਹੁਤ ਗੁਸੇ ਹੁੰਦੀ ਸੀ। – ਮੈਂ ਉਹਨੂੰ ਕਿਹਾ: ਭੈਣਾਂ ਭਰਾਵਾਂ ਦਾ ਮੇਲ਼ ਗੱਡੀਆਂ 'ਤੇ ਜਾਂ ਬਾਹਰ ਹੁੰਦਾ। ਮਾਂ ਵੀ ਸੁਹਣੀ ਲੱਗਦੀ ਆ, ਪੁੱਤ ਨੂੰ ਕਲ਼ਾਵੇ ਚ ਲੈ ਕੇ ਖੜ੍ਹੀ ਹੁੰਦੀ। ਪਰ ਮੈਂ ਓਥੇ ਸੁਹਣੀ ਲੱਗਦੀ ਸੀ? ਸਾਡੇ ਵਰਗੀਆਂ ਮਾਈਆਂ ਨੇ ਏਦਾਂ ਦਾ ਸਫਰ ਬਹੁਤ ਕੱਟਿਆ ਸੀਗਾ। ਏਸ ਕਰਕੇ ਦੇਖ-ਦੇਖ ਕੇ ਘਰਾਂ ਦੀਆਂ ਤੰਗੀਆਂ ਤਕਲੀਫਾਂ ਨੂੰ ਅਸੀਂ ਮਹਿਸੂਸ ਕਰਦੇ ਸੀਗੇ। ਸਾਨੂੰ ਇਹ ਚਾਅ ਨਹੀਂ ਸੀ ਕਿ ਨਾਲ਼ ਜਾਈਏ ਜਾਂ ਅਸੀਂ ਚੜ੍ਹਾਉਣ ਜਾਈਏ। ਅਸੀਂ ਤਾਂ ਕਹਿੰਦੇ ਸੀ ਪਈ ਸਾਡੇ ਬੱਚਿਆਂ ਲਈ ਕੁਝ ਸਰਬੰਧ ਚੰਗੇ ਬਣ ਜਾਣ। ਅਸੀਂ ਔਖੇ ਤਾਂ ਹੈਗੇ ਈ ਆਂ। ਆਉਣ ਵਾਲ਼ੀ ਪੀੜ੍ਹੀ ਸੁਹਣੀ ਵਿਦਿਆ ਪ੍ਰਾਪਤ ਕਰੂਗੀ। ਸੁਹਣੀ ਰਹਿਣੀ-ਬਹਿਣੀ ਇਨ੍ਹਾਂ ਦੀ ਹੋਊਗੀ। ਚੰਗੇ ਬਣਨਗੇ। ਏਸ ਗੱਲ ਦੀ ਸੋਚ ਸੀ। ਏਸ ਗੱਲ ਦੀ ਖੁਸ਼ੀ ਸੀ। (ਹੱਸ ਕੇ)

– ਤਿਆਰੀ ਕਿੱਦਾਂ ਕੀਤੀ ਸੀ?

– ਬਲਵਿੰਦਰ ਦਾ ਫੁੱਫੜ ਬਲਵੰਤ ਸਿੰਘ ਸੀ ਏਜੰਟ। ਦਿੱਲੀ ਪਾਸਪੋਰਟ ਬਣਾਉਂਦਾ ਹੁੰਦਾ ਸੀ। ਉਨ੍ਹਾਂ ਦਾ ਘੱਲਿਆ ਇੱਕੋ ਬੰਦਾ ਝਿਲਮਣ ਸਿੰਘ ਸਮਰਾਮਾਂ ਦਾ ਏਥੇ ਆਇਆ ਸੀ। ਓਨ੍ਹੀਂ ਦਿਨੀਂ ਦੋ ਕੁ ਹਜ਼ਾਰ ਰੁਪਿਆ ਲੱਗਦਾ ਸੀ। ਮੈਨੂੰ ਪਾਸਪੋਰਟ ਬਣਨ ਦੇ ਦਿਨ ਤੋਂ ਈ ਪਤਾ ਸੀ ਕਿ ਇਨ੍ਹਾਂ ਨੇ ਚਲੇ ਜਾਣਾ ਹੈ। ਤਿੰਨਾਂ-ਕੁ ਹਫਤਿਆਂ ਚ ਤਿਆਰੀ ਕਰ ਲਈ।

– ਏਡੀ ਕਾਹਲ਼ੀ ਕਾਹਦੀ ਸੀ? ਨਾਲ਼ੇ ਬਲਵਿੰਦਰ ਹੋਣ ਵਾਲ਼ਾ ਸੀ।

– ਪੈਸੇ ਦੀ ਖਾਤਰ। ਤੈਨੂੰ ਵੀ ਪਤਾ ਈ ਆ, ਤੂੰ ਵੀ ਤਾਂ ਓਥੋਂ ਈ ਆਇਆਂ। ਤੰਗੀ ਤਾਂ ਕੋਈ ਗੱਲ ਨਹੀਂ ਸੋਚਣ ਦਿੰਦੀ। ਓਸ ਵੇਲੇ ਤਾਂ ਸੀਗਾ ਕਿ ਕਿਹੜੀ ਘੜੀ ਜਾਣ ਤੇ ਹਾਲਾਤ ਚੰਗੇ ਹੋ ਜਾਣ ਸਾਡੇ। ਬਜ਼ੁਰਗ ਵੀ ਬਮਾਰ ਰਹਿੰਦੇ ਸੀਗੇ ਹਮੇਸ਼ਾਂ।

– ਅਪਣੇ ਬੋਲੀ ਪਾਉਂਦੀਆਂ ਹੁੰਦੀਆਂ: ਮਾਹੀਆ ਪਰਦੇਸ ਗਿਆ, ਸੁੰਨ ਪੈ ਗਈ ਅੰਦਰਾਂ ਦੀ...। ਇਹ ਅੰਦਰਾਂ ਦੀ ਸੁੰਨ ਕੀ ਹੁੰਦੀ ਆ?

– ਕਹਿਣ ਤੇ ਸੋਚਣ ਦਾ ਬਹੁਤ ਫਰਕ ਆ। ਇਹਨੂੰ ਜੇ ਡੂੰਘਾਈ ਚ ਲਜਾਓ, ਤਾਂ ਬੰਦਾ ਪਾਗਲ ਹੋ ਜਾਂਦਾ; ਉਠ ਈ ਨਹੀਂ ਸਕਦਾ। ਮੈਂ ਹਰ ਬਛੋੜੇ ਨੂੰ ਬਹੁਤ ਗਹਿਰੀ ਨਿਗਾਹ ਨਾਲ਼ ਦੇਖਿਆ। ਮੈਂ ਘਰਵਾਲ਼ੇ ਦੇ ਬਛੋੜੇ ਨੂੰ ਹੀ ਏਦਾਂ ਨਹੀਂ ਦੇਖਦੀ। ਬਛੋੜਾ ਪਹਿਲਾਂ ਭਰਾਵਾਂ ਦਾ ਰਿਹਾ। ਫੇਰ ਇਹ ਹੋਇਆ। ਸਾਨੂੰ ਲਾਲਸਾ ਸੀਗੀ। ਲਾਲਸਾ ਦੇ ਨਾਲ਼ ਬਛੋੜੇ ਦੀ ਗੱਲ ਸੀ – ਚੰਗਾ ਬਣਨ ਦੀ, ਪੈਸੇ ਦੀ, ਅਪਣੀ ਭੁੱਖ ਦੂਰ ਕਰਨੇ ਦੀ। ਜੇ ਸੁੰਨ ਹ਼ੀ ਦੇਖਦੇ ਰਹੇ ਨਾ, ਤਾਂ ਮਨ ਕਸ਼ਟ ਚ ਆਉਂਦਾ। ਸੁੰਨ ਮਨ ਨੇ ਦੇਖੀ ਆ। ਹੁਣ ਕਈ ਵਾਰੀ ਮਨ ਕਹਿੰਦਾ ਆ, ਸਾਰਾ ਪਿਛੋਕੜ ਚੇਤੇ ਆਉਂਦਾ, ਬਲ ਘਟ ਜਾਂਦਾ। ਏਸ ਸਰੀਰ ਨਾਲ਼ ਏਨਾ ਕੁਝ ਕੀਤਾ, ਅਪਣੀ ਆਬਰੂ ਵੀ ਰੱਖੀ। ਮਨ ਨੇ ਓਸ ਵੇਲੇ ਕੋਈ ਤਕਲੀਫ ਨਹੀਂ ਮੰਨੀ। [ਹੱਸ ਕੇ] ਕਿਸੇ ਦੇ ਘਰ ਇਕ ਬਜ਼ੁਰਗ ਹੋਊਗਾ, ਦੋ ਹੋਣਗੇ, ਸਾਡੇ ਘਰੇ ਚਾਰ ਸੀ। ਜਗ੍ਹਾ ਬਹੁਤ ਥੋਹੜੀ ਸੀ। ਹਰ ਗੱਲ ਦੀ ਸੰਕੋਚ ਰਹਿੰਦੀ ਸੀ। ਅੱਧੀ ਬਾਂਹ ਦੀ ਕਮੀਜ ਪਾਉਣ ਦਾ ਹੁਕਮ ਨਾ ਸੀ। ਮੈਂ

ਵੀਹ-ਬਾਈ ਸਾਲ ਕਮੀਜ ਅੱਧੀ ਬਾਂਹ ਦੀ ਨਹੀਂ ਪਾਈ।

ਸੁੰਨ ਦੀ ਸ਼ਕਲ ਵਾਹ ਕੇ ਤਾਂ ਕੋਈ ਦਸ ਈ ਨਹੀਂ ਸਕਦਾ। ਜਾਹਰ ਤਾਂ ਏਦਾਂ ਈ ਹੁੰਦੀ ਕਿ ਮਨ ਨੂੰ ਉਦਾਸੀ ਹੁੰਦੀ ਆ। ਕਿਵੇਂ ਕਹਾਂ? ਤੈਨੂੰ ਵੀ ਪਤਾ ਕਿ ਮਨ ਇਕਦਮ ਉਦਾਸ ਹੁੰਦਾ ਤੇ ਬੁਝਿਆ-ਬੁਝਿਆ ਰਹਿੰਦਾ – ਬਸ ਸੰਸਾਰ ਚ ਸਭ ਕੁਸ਼ ਐਵੇਂ ਈ ਆ। ਏਹੀ ਆ ਸੁੰਨ। ਜੇ ਸੁੰਨ ਨਾ ਹੋਵੇ, ਤਾਂ ਸੰਸਾਰ ਬੜਾ ਖਚਖਚਾ ਲੱਗਦਾ। ਬੜਾ ਮਹਿਕਣਾ ਲਗਦਾ ਆ। ਸੁੰਨ ਤਾਂ ਏਹੀ ਹੁੰਦੀ ਆ ਕਿ ਕੁਸ਼ ਕਰਨ ਨੂੰ ਜੀਅ ਨਹੀਂ ਕਰਦਾ – ਨਾ ਕਪੜਾ ਪਾਉਣ ਨੂੰ, ਨਾ ਖਾਣ ਨੂੰ।

– ਤੁਸੀਂ ਅਪਣੀਆਂ ਭਰਜਾਈਆਂ, ਅਪਣੀਆਂ ਚਾਚੀਆਂ ਦੀ ਅੰਦਰਲੀ ਸੁੰਨ ਤਾਂ ਦੇਖੀ ਹੋਣੀ ਐਂ।

– ਨਹੀਂ, ਉਨ੍ਹਾਂ ਨੇ ਵੀ ਨਹੀਂ ਸਾਨੂੰ ਜ਼ਾਹਰ ਕੀਤਾ। ਕਦੀ ਨਹੀਂ। ਉਹ ਸਾਤੋਂ ਬਹੁਤ ਜਾਦੇ ਵੱਡੀਆਂ ਸੀ। ਸਾਡੇ ਮਾਂ ਪੇ ਦੇ ਹਾਣ ਦੀਆਂ। ਅਸੀਂ ਉਨ੍ਹਾਂ ਨੂੰ ਬੁੜ੍ਹੀਆਂ ਹੋਈਆਂ ਨੂੰ ਦੇਖਿਆ। ਅਸੀਂ ਜਦ ਕਿਤੇ ਗੱਲ ਕਰਨੀ, ਤਾਂ ਏਦਾਂ ਕਹਿਣਾ – ਚਾਚੀ, ਚਾਚੇ ਹੁਰਾਂ ਦੀ ਕੋਈ ਚਿੱਠੀ? – ਤਾਂ ਅੱਗੋਂ ਕਹਿਣਾ – ਹਾਂ! ਚਿੱਠੀ ਤੁਹਾਡੇ ਚਾਚੇ ਨੇ ਕੀ ਪਾਉਣੀ ਆਂ! – ਬਸ ਏਦੂੰ ਵਧ ਕਦੀ ਕੁਸ਼ ਨਾ ਦੱਸਣਾ।

– ਏਸ ਗੱਲ ਚ ਵੀ ਨਹੋਰਾ ਐ। ਇਹ ਵੀ ਸੁੰਨ ਈ ਐ ਕਿ ਉਹਨੂੰ ਚਿੱਠੀ ਦੀ ਉਡੀਕ ਈ ਨਹੀਂ ਰਹੀ। ਉਡੀਕ ਹੋਊਗੀ ਵੀ ਸ਼ਾਇਦ।

– ਅੰਦਰ ਦੀ ਸੁੰਨ ਤਾਂ ਅਸੀਂ ਜੇ ਉਨ੍ਹਾਂ ਦੇ ਹਾਣ ਦੀਆਂ ਹੁੰਦੀਆਂ, ਤਾਂਹੀਓਂ ਪੁੱਛ ਸਕਦੀਆਂ ਸੀ। ਪਰ ਅਸੀਂ ਤਾਂ ਹਾਣ ਦੀਆਂ ਤੋਂ ਵੀ ਕੋਈ ਗੱਲ ਨਹੀਂ ਸੁਣੀ। ਸੱਚੀ ਗੱਲ ਤਾਂ ਇਹ, ਓਦੋਂ ਬੁੜ੍ਹੀਆਂ ਦੇ ਕੰਮ ਨਹੀਂ ਸੀ ਮੁੱਕਦੇ ਹੁੰਦੇ। ਚੱਕੀ ਪੀਹ ਕੇ ਹਟੀਆਂ, ਚਰਖਾ ਕੱਤਣ ਲਗ ਪਈਆਂ, ਭਾਂਡੇ ਚਕ ਲਏ, ਕਪੜੇ ਧੋ ਲਏ, ਰੋਟੀਆਂ ਪਕਾ ਲਈਆਂ। ਖੂਹਾਂ ਤੋਂ ਪਾਣੀ ਲਿਆਉਣਾ। ਉਨ੍ਹਾਂ ਨੂੰ ਸੁੰਨ ਮਹਿਸੂਸ ਕਰਨ ਜਾਹਰ ਕਰਨ ਦਾ ਵੇਲਾ ਹੀ ਨਾ ਸੀ ਮਿਲ਼ਦਾ। ਭਾਈਆ ਜੀ ਨੇ ਕਦੇ ਚਿੱਠੀ ਲਿਖਣੀ, ਤਾਂ ਪੁੱਛਣਾ: ਅਜੀਤ ਕੁਰ ਨੂੰ ਪੁੱਛੋ, ਕੀ ਲਿਖ ਦਈਏ? – ਓਨ ਕਹਿਣਾ: ਜੋ ਮਰਜੀ ਲਿਖ ਦਿਓ, ਰਾਜੀ ਖੁਸ਼ੀ ਬਸ। – ਭਰਜਾਈ ਪਿੱਛੋਂ ਪੰਜ ਸਾਲ ਬਾਅਦ ਬਰਮਾ ਗਈ ਸੀ। ਓਦੋਂ ਸ਼ਰਮ ਬਹੁਤ ਹੁੰਦੀ ਸੀ। ਇਕ ਦਿਨ ਗਿੱਧੇ ਚ ਮੈਂ ਦੇਖਿਆ। ਸਾਡੇ ਗਵਾਂਢ ਚਾਚੀ ਸੀ। ਉਹਦਾ ਪੇ ਗਿਆ ਹੋਇਆ ਸੀ ਮਿਲਕਣ। ਇੱਕੋ ਧੀ ਸੀ। ਚਾਚੀ ਦੀ ਮਾਂ ਸਾਬੋ ਲੱਗੀ ਨੱਚਣ ਦੋਹਤੇ ਦੇ ਬਿਆਹ ਚ, ਤਾਂ ਉਸ ਕੁੜੀ ਨੇ ਬੋਲੀ ਪਾਈ: ਭੁੰਨ ਸੁੱਟਿਆ ਕਾਲ਼ਜਾ ਮੇਰਾ/ਮਿਲਕਣ ਕਿਲਕਣ ਨੇ...। ਓਨ ਇਹ ਆਪ ਬਣਾਈ ਸੀ।

– ਚਾਚੋਕੀ ਲਾਗਿਓਂ ਰੇਲਗੱਡੀ ਵੀ ਲੰਘਦੀ ਆ?

– ਹਾਂ, ਖੂਹਾਂ ਦੇ ਨਾਲ਼ ਦੀ। ਦੋਹਾਂ ਪਾਸਿਆਂ ਦੀ। ਬੰਗਿਆਂ ਵਾਲ਼ੀ ਓਧਰੋਂ ਸਾਡੇ ਖੂਹ ਦੇ ਲਾਗਿਓਂ ਗੱਡੀ ਏਦਾਂ ਦੀਹਦੀ ਆ।

– ਰੇਲ ਜਦ ਚੀਕਾਂ ਮਾਰਦੀ ਲੰਘਦੀ ਸੀ, ਤਾਂ ਦਿਲ ਨੂੰ ਕੁਸ਼ ਹੁੰਦਾ ਨਾ ਸੀ?

– [ਹੱਸ ਕੇ] ਹਾਂ, ਏਨਾ ਕੁ ਤਾਂ ਸੀਗਾ। ਕਦੀ-ਕਦੀ ਮਹਿਸੂਸ ਕਰੀਦਾ ਸੀ, ਸਾਡੀਆਂ

ਭਰਜਾਈਆਂ ਦਾ ਤਾਂ ਪਤਾ ਨਹੀਂ। ਸੋਚੀਦਾ ਸੀ – ਇਨ੍ਹਾਂ ਗੱਡੀਆਂ ਨੇ ਬਛੋੜ ਦਿੱਤੇ। ਕਦੇ ਸਾਡੇ ਵੀ ਆਉਣਗੇ? ਮਾਵਾਂ ਸਾਡੀਆਂ ਨੇ ਕਹਿਣਾ ਜਦੋਂ ਗੱਡੀ ਲੰਘਣੀ – ਭੱਜ ਜਾਏਂ ਰੇਲਗੱਡੀਏ/ ਭੈਣ ਬੀਰਾਂ ਦੇ ਬਛੋੜੇ ਪਾਏ... ਉਹ ਅਪਣੇ ਭਰਾਵਾਂ ਦਾ ਨਾਂ ਲੈ ਕੇ ਰੋਂਦੀਆਂ ਵੀ ਹੁੰਦੀਆਂ ਸੀ। ਮਾਂ ਦੀ ਉਮਰ ਓਦੋਂ ਪਚਵੰਜਾ ਸਾਲ ਦੀ ਸੀ। ਅਸੀਂ ਕਹਿਣਾ – ਬੀਬੀ ਬੁੜ੍ਹੀ ਹੋ ਗਈ, ਹੁਣ ਵੀ ਭਰਾਵਾਂ ਨੂੰ ਰੋਂਦੀ ਆ। ਹੁਣ ਮੇਰੀ ਉਹ ਅਵਸਥਾ ਆ। ਹੁਣ ਮੈਂ ਅਪਣੇ ਭਰਾਵਾਂ ਨੂੰ...। (ਬੀਬੀ ਰੋਣ ਲਗਦੀ ਹੈ)

– ਤੁਸੀਂ ਕਿੰਨਾ ਬਛੋੜਾ ਕੱਟਿਆ?

– ਅਪਣੇ ਸੁੱਖ ਦਾ ਤਾਂ ਪਤਾ ਈ ਨਾ ਸੀ। ਮੈਨੂੰ ਤਾਂ ਇੱਕੋ ਲਾਲਸਾ ਸੀ ਕਿ ਖਟ-ਕਮਾ ਕੇ ਘਰ ਆਉਣਗੇ। ਇਹ ਬਲਵਿੰਦਰ ਸੱਤਾਂ-ਅੱਠਾਂ ਘਰਾਂ ਚ ਮੁੰਡਾ ਮਸੀਂ ਹੋਇਆ ਸੀ। ਇਹਦੇ ਬਾਬਾ ਦਾਦੀ ਮੈਨੂੰ ਪੇਕੇ ਨਾ ਜਾਣ ਦਿਆ ਕਰਨ। ਇਕ ਤਾਂ ਪੈਸਾ ਜਾਣ ਲਗ ਪਿਆ, ਦੂਆ ਮੁੰਡਾ ਹੋ ਗਿਆ। ਇਹ ਸਾਲ-ਕੁ ਦਾ ਸੀ, ਜਦ ਸਾਨੂੰ ਸੱਦਿਆ: ਤੁਸੀਂ ਆ ਜਾਓ। – ਮੈਂ ਕਿਹਾ: ਇਹ ਚਾਚੋਕੀ ਮੈਨੂੰ ਅੱਠ ਦਿਨ ਨਹੀਂ ਜਾਣ ਦਿੰਦੇ। ਜੇ ਮੈਂ ਹੈਥੇ ਆ ਗਈ, ਤਾਂ ਇਨ੍ਹਾਂ ਨੂੰ ਕੁਸ਼ ਹੋ ਜਾਣਾ ਆਂ। ਪਰ ਗੱਲ ਇਹ ਬਣੀ ਕਿ ਗਿਆਰਾਂ ਸਾਲ ਕੱਲਿਆਂ ਬਤਾਉਣੇ ਪਏ। ਇਹ ਵੀ ਤਪੱਸਿਆ ਸੀ। ਇਨ੍ਹਾਂ ਕਾਕਾ ਗਿਆਰਾਂ ਸਾਲਾਂ ਦਾ ਹੋਇਆ ਦੇਖਿਆ ਸੀ। ਮੈਂ 1968 ਚ ਇੰਗਲੈਂਡ ਆਈ ਸੀ।

– ਜਦ ਜਹਾਜ਼ ਉੜਿਆ, ਤਾਂ ਕਿੱਦਾਂ ਲੱਗਾ ਸੀ?

– ਓਦੋਂ ਤਾਂ ਕੁਸ਼ ਨਹੀਂ ਲੱਗਾ। ਪਹਿਲਾਂ ਮੈਂ ਕਹਿੰਦੀ ਹੁੰਦੀ ਸੀ ਪਈ ਜਹਾਜ਼ ਚ ਬਹਿ ਕੇ ਤਾਂ ਮੇਰਾ ਦਿਲ ਹੀ ਘਟ ਜਾਣਾ। ਪਰ ਜਦ ਮੈਂ ਜਹਾਜ਼ ਚ ਬੈਠੀ, ਤਾਂ ਐਦਾਂ ਲੱਗਾ ਕਿ ਮੇਰੇ ਸਾਰੇ ਦੁੱਖ-ਦਲਿੱਦਰ ਟੁੱਟ ਈ ਗਏ ਹੁੰਦੇ। ਸੱਚੀ ਗੱਲ ਈ ਆ। ਆਹ ਤਾਂ ਜੀਉਂਦਿਆਂ ਨੂੰ ਸਵਰਗ ਆ; ਮੈਂ ਤਾਂ ਨਰਕ ਚ ਬੈਠੀ ਰਹੀ। ਕੁੜੀਆਂ ਦੀ ਯਾਦ ਜ਼ਰੂਰ ਹਰ ਵੇਲੇ ਰਹਿੰਦੀ ਹੁੰਦੀ ਸੀ। ਅੱਖਾਂ ਚੋਂ ਕਦੀ ਪਾਣੀ ਨਾ ਸੀ ਸੁੱਕਦਾ ਪਈ ਮੈਂ ਮੁਟਿਆਰਾਂ ਲੜਕੀਆਂ ਨੂੰ ਛੱਡ ਕੇ ਆ ਗਈ ਆਂ।

– ਤੁਸੀਂ ਸੁਹਾਗ ਸੁਣਿਆ ਹੋਣਾ: ਬਾਬਲ ਸੁਧਰਮੀ ਦਾ ਦੇਸ ਹੌਲ਼ੀ-ਹੌਲ਼ੀ ਵਿਸਰ ਗਿਆ...। ਆਹ ਪਰਦੇਸ ਸਹੁਰਾ ਘਰ ਨਹੀਂ?

– ਹੁਣ ਦੇ ਦੌਰ ਚ ਇਹ ਗੱਲ ਬਹੁਤੀ ਨਹੀਂ ਢੁੱਕਦੀ। ਜਿਹੜਾ ਪਿਛਲਾ [ਦੌਰ] ਸੀ, ਉਹ ਸੀ। ਮੈਂ ਦੂਜੀ ਤਰ੍ਹਾਂ ਦੀ ਭਾਰੀ ਕੁਰਸੀ 'ਤੇ ਬੈਠੀ ਨੇ ਘੜੀ ਦਾ ਟੈਮ ਦੇਖਦੇ ਰਹਿਣਾ। ਮੈਨੂੰ ਬਸ ਰੋਣ ਆਉਂਦਾ ਰਹਿਣਾ। ਕਹਿਣਾ: ਮੈਂ ਕਿੱਦਾਂ ਬੱਝ ਗਈ। ਇੰਗਲਿਸ਼ ਬੋਲਣੀ ਪੈਂਦੀ, ਤਾਂ ਸੋਚਣਾ – ਪਾਗਲ ਲੱਗਦੇ ਆਂ। ਅਪਣੇ ਦੇਸ ਵਿਚ ਰਾਜੇ ਸੀਗੇ ਬੋਲਣ-ਚਾਲਣ ਚ।

– ਕਦੇ ਪਿੱਛੇ ਦਾ ਸੁਪਨਾ ਆਉਂਦਾ ਹੁਣ?

– ਸੁਫਨਾ ਤਾਂ ਸੋਚੇ ਮੁਤਾਬਕ ਨਹੀਂ ਆਉਂਦਾ। ਕਦੀ ਸੁਫਨਾ ਆ ਜਾਂਦਾ, ਜਿਹੜੀ ਚੀਜ਼ ਤੁਹਾਡੇ ਖਿਆਲ ਚ ਹੁੰਦੀ ਵੀ ਨਹੀਂ। ਸੁਫਨੇ ਦੀ ਗੱਲ – ਇਨ੍ਹਾਂ ਨੇ ਏਥੋਂ ਜਦੋਂ ਚਿੱਠੀ ਪਾਉਣੀ, ਤਾਂ ਪੰਜਵੇਂ ਦਿਨ ਵੀਰਵਾਰ ਨੂੰ ਦਰਾਂ 'ਤੇ ਖੜ੍ਹੀ ਡਾਕੀਏ ਨੂੰ ਉਡੀਕਣਾ। ਇਕ ਵਾਰ ਉਹਨੇ

ਗਿਲਾ ਕੀਤੀ ਕਿ ਚਿੱਠੀ ਨਹੀਂ ਆਈ। ਇਸੇ ਜਿਦ ਚ ਪਈ ਤੂੰ ਕੋਈ ਰੱਬ ਐਂ! ਮੈਂ ਉਨ੍ਹਾਂ ਨੂੰ ਚਿੱਠੀ ਪਾਉਂਦੇ ਨੂੰ ਦੇਖਦੀ ਹੁੰਦੀ ਸੀ ਸੁੱਤੀ ਪਈ। ਚੇਤੇ ਚ ਕਿਹੜੀ-ਕਿਹੜੀ ਤਸਵੀਰ ਉਘੜਦੀ ਐ? ਚੇਤਾ ਤਾਂ ਓਹੀ ਕੁਸ਼ ਹੁੰਦਾ, ਜੋ ਕੁਸ਼ ਦੇਖਿਆ ਹੁੰਦਾ।

– ਦੇਖਿਆ ਤਾਂ ਬਹੁਤ ਕੁਸ਼ ਹੁੰਦਾ, ਪਰ ਸਾਰਾ ਯਾਦ ਨਹੀਂ ਰਹਿੰਦਾ।

– ਪੁਰਖਿਆਂ ਦੇ ਉਹ ਖੇਤ ਨਹੀਂ ਰਹੇ; ਉਹ ਜ਼ਮੀਨ ਨਹੀਂ, ਖੂਹ ਨਹੀਂ ਰਿਹਾ; ਘਰ ਨਹੀਂ ਰਿਹਾ। ਸਾਡੇ ਅੰਦਰ ਉਹ ਨਕਸ਼ਾ ਉਭਰ ਕੇ ਭਰਿਆ ਹੋਇਆ। ਨਕਸ਼ਾ ਗੂੜ੍ਹਾ ਮੱਧਮ ਸੁਰਤੀ ਅਨੁਸਾਰ ਪੈਣ ਲਗ ਜਾਂਦਾ, ਜਿਵੇਂ ਉਮਰ ਜਿਆਦੇ ਹੋਈ ਜਾਂਦੀ ਆ। ਹਰ ਚੀਜ਼ ਮੱਧਮ ਪਈ ਜਾਂਦੀ ਆ। ਹੁਣ ਇਸ ਧਰਤੀ ਨਾਲ਼ ਸਾਡਾ ਤੇਹ ਆ। ਤੇਹ ਕਰਕੇ ਅਸੀਂ ਏਥੇ ਰਹਿੰਦੇ ਆਂ। ਸਾਡੇ ਬੱਚੇ ਰਹਿੰਦੇ ਆ। ਸਾਨੂੰ ਪਿਆਰ ਆ। ਓਧਰਲਾ ਪਿਆਰ ਓਨਾ ਘਟ ਹੋਈ ਜਾਂਦਾ। ਪਹਿਲਾਂ ਇਹ ਗੱਲ ਚੰਗੀ ਨਾ ਸੀ ਲੱਗਦੀ। ਨਾ ਕੋਈ ਬੰਦਾ ਚੰਗਾ ਲਗਦਾ ਸੀ। ਨਾ ਕਿਸੇ ਦੀ ਕੋਈ ਗੱਲ ਚੰਗੀ ਲੱਗਦੀ ਸੀ। ਹੁਣ ਸਾਰਾ ਕੁਸ਼ ਚੰਗਾ ਲਗਦਾ। ਬੀਬੀਆਂ ਗੱਡੀਆਂ ਲੈ ਕੇ ਆਉਂਦੀਆਂ – ਅੱਜ ਓਥੇ ਸਤਸੰਗ ਆ; ਅੱਜ ਓਥੇ ਪਾਠ ਦੀ ਰੌਲ਼ ਲਾਉਣੀ ਆ। ਵਾਤਾਵਰਣ ਬਣ ਗਿਆ ਨਾ ਓਦਾਂ ਦਾ ਹੀ। ਯਾਦਾਂ ਦੀ ਤਾਂ ਹਰ ਵੇਲੇ ਮਾਲ਼ਾ ਫੇਰੀਦੀ ਆ। ਮਣਕਾ ਸਿੱਟਣ ਦੀ ਵੀ ਲੋੜ ਨਹੀਂ। ਅਪਣੇ ਆਪ ਚਲਦੀ ਆ।

**ਬੀਬੀ ਸਤਵੰਤ ਕੌਰ ਦੀ ਯਾਦ ਵਿਚ**

ਗਿੱਧੇ ਦੇ ਵਿਚ ਕਿਸ ਨੇ ਮੌਤ ਦੀ ਬੋਲੀ ਪਾਈ
ਯਾਦਾਂ ਦੀ ਮਾਲ਼ਾ ਦਾ, ਸਾਹਾਂ ਦਾ ਧਾਗਾ ਇਕਦਮ ਟੁੱਟਾ
ਖਿਲਰੇ ਮਣਕੇ, ਖੇਰੂੰ-ਖੇਰੂੰ ਹੋਈ ਸਿਮਰਨੀ
ਦਗਦਾ ਚਿਹਰਾ ਮੱਧਮ-ਮੱਧਮ ਹੁੰਦਾ ਚਾਨਣ ਵਿਚ ਸਮਾਇਆ

ਤੂੰ ਜਾਣੇ ਨਾ ਸੀ ਨਕਸ਼ਾ ਤੱਕਣਾ
ਪਰ ਕਿਥੇ ਹੈ ਪਰਦੇਸ, ਤੈਨੂੰ ਸਾਰਾ ਪਤਾ ਸੀ
ਹੁਣ ਇਹ ਛਡ ਕੇ ਕਿਹੜੇ ਦੇਸ ਪਿਆ ਤੈਨੂੰ ਜਾਣਾ

ਇਸ ਜੀਣੇ ਨੂੰ ਤੂੰ ਠੰਢੀ ਸੁੰਨ ਕਹਿੰਦੀ ਸੀ
ਜਿਸਦੀ ਸ਼ਕਲ ਕੋਈ ਨਾ ਜਾਣੇ
ਬੀਬੀ, ਇਹ ਸੁੰਨ ਤਾਂ ਹਰ ਥਾਂ, ਹਰ ਸੂਰਤ ਵਿਚ ਸਮਾਈ


ਤੇਰੀ ਰੂਹ ਦਾ ਸੁੰਨਾ ਪੰਛੀ
ਬਿਰਹਾ ਦੇ ਅਸਮਾਨੀਂ ਅੱਜ ਵੀ ਉੜਦਾ
ਆਲ੍ਹਣਾ ਜਿਸਦਾ ਤੇਰੇ ਬਾਲਾਂ ਦੇ ਹਿਰਦੇ ਵਿਚ ਹੈ
ਬਾਲਾਂ ਦੇ ਹਿਰਦੇ ਵਿਚ ਕਹਿੰਦੇ ਰੱਬ ਵਸਦਾ ਹੈ

## ਇਥੇ

ਬੀਬੀ ਕੰਧ 'ਤੇ ਲੱਗੀ ਘੜੀ ਦੇਖਦੀ ਰਹਿੰਦੀ ਹੈ ਜਿੰਦ ਨੂੰ ਟੁੱਕਦੀ ਘੜੀ ਪਰਦੇਸ ਦਾ ਇੱਕੋ ਵੇਲਾ ਦਸਦੀ ਹੈ ਮੈਂ ਕਿਥੇ ਸੀ ਮੈਂ ਕਿਥੇ ਹਾਂ ਮੈਂ ਕਿਥੇ ਹੋਵਾਂਗੀ ਇਹ ਸੋਚ ਉਹਦਾ ਸਾਹ ਘੁੱਟਦਾ ਹੈ ਤੇ ਇਕਦਮ ਖ਼ਿਆਲ ਕਿਸੇ ਹੋਰ ਪਾਸੇ ਪਾ ਲੈਂਦੀ ਹੈ ਇਥੇ ਹਰ ਚੀਜ਼ ਖਾਣ ਨੂੰ ਆਉਂਦੀ ਹੈ ਹਰ ਸ਼ੈਅ ਜਿਵੇਂ ਦਿਲ ਹੈ ਹਰਦਮ ਧੜਕਦਾ ਆਪਣਾ ਹੋਣਾ ਦਸਦਾ ਦਿਲ ਘਟਦਾ ਦਿਲ ਡੁੱਬਦਾ ਹੈ ਦਿਲ ਥੋਹੜਾ ਹੁੰਦਾ ਭੋਲ਼ਾ ਵੈਦ ਦਵਾ ਦਿੰਦਾ ਹੈ ਜੀਉਣ ਲਈ ਸਿਰ 'ਤੇ ਪੱਲਾ ਲੈ ਪਾਠ ਕਰਨ ਲਗਦੀ ਹੈ ਰਤਾ ਮਨ ਟਿਕਾਣੇ ਆਉਂਦਾ ਹੈ ਇਥੇ ਦੁਮੇਲ ਨਹੀਂ ਧਰਤੀ ਤੇ ਆਕਾਸ਼ ਮਿਲ਼ਦੇ ਨਹੀਂ ਨਾ ਨਜ਼ਰਾਂ ਪਾਰ ਰੇਲ ਦੀਆਂ ਲੀਹਾਂ ਗੱਡੀ ਕਿਧਰ ਨੱਠੀ ਜਾਂਦੀ ਹੈ ਬੀਬੀ ਪਰਾਈ ਬੋਲੀ ਬੋਲਦੀ ਹੈ ਹੱਸਣ ਲਗਦੀ ਹੈ ਤੇ ਚੁੱਪ ਕਰ ਜਾਂਦੀ ਹੈ ਘਰ ਲਾਗਿਉਂ ਰੇਲਗੱਡੀ ਲੰਘਦੀ ਹੈ ਘਰ ਦੀ ਛੱਤ 'ਤੇ ਦੂਰੋਂ ਆਏ ਉਤਰਦੇ ਹਵਾਈ ਜਹਾਜ਼ ਦੀ ਛਾਂ ਪੈਂਦੀ ਹੈ ਸਾਰਾ ਵਜੂਦ ਕੰਬ-ਕੰਬ ਜਾਂਦਾ ਹੈ ਇਥੇ ਹਰ ਰੁੱਤ ਬੱਦਲ਼ਵਾਈ ਹੈ ਨਿੱਕੀ-ਨਿੱਕੀ ਕਣੀ ਦਾ ਮੀਂਹ ਨਹੀਂ ਮੁੱਕਦਾ ਕਦੇ ਪੰਛੀ ਭਿੱਜੇ ਵੀ ਗਾਉਂਦੇ ਹਨ ਬਰਫ਼ ਨਾਲ ਖੇਲਦੇ ਹਨ ਬੱਚੇ ਕੋਈ ਉਹਦਾ ਨਾਂ ਲੈ ਕੇ ਹਾਕ ਮਾਰਦਾ ਹੈ ਕੈਂਹੇਂ ਦਾ ਥਾਲ਼ ਹੱਥੋਂ ਡਿੱਗਦਾ ਹੈ ਉਹ ਭਉਂ ਕੇ ਦੇਖਦੀ ਹੈ ਕੋਈ ਕਿਤੇ ਨਹੀਂ ਸੁੱਤੇ ਬੱਚਿਆਂ ਦੇ ਸਾਹਵਾਂ ਦੀ ਵਾਜ ਸੁਣਦੀ ਹੈ 'ਨੇਰ੍ਹੇ 'ਚ ਅੱਖਾਂ ਦੇ ਤਾਰੇ ਨਜ਼ਰ ਆਉਂਦੇ ਹਨ ਮੇਲਣਾਂ ਗਾਉਂਦੀਆਂ ਹਨ – ਹਾਏ ਓਏ ਸਾਲ਼ਿਆ ਪੈਸਿਆ ਤੈਨੂੰ ਦੁੱਖਾਂ ਨਾਲ਼ ਜੋੜਿਆ ਸੀ ਸਾਹ ਮੁੱਕਦੇ ਜਾਂਦੇ ਹਨ ਸੋਚਾਂ ਨਹੀਂ ਮੁੱਕਦੀਆਂ ਖਿੰਦੀਆਂ ਸਰਦਲਾਂ ਨੂੰ ਘੁਣ ਖਾਣ ਲੱਗਾ ਹੈ ਕਦੋਂ ਮੁੜਨਗੇ ਘਰਾਂ ਵਾਲ਼ੇ

ਇਥੋਂ

# ਪ੍ਰੇਮ ਕੇਲਾ



ਆਸ਼ਿਕਾਂ ਦੀ ਇਹ ਤਸਵੀਰ ਮੈਂ ਬਹੁਤ ਸਾਲ ਪਹਿਲਾਂ ਖਿੱਚੀ ਸੀ। ਫ਼ੋਲਾਫ਼ਾਲੀ ਕਰਦਿਆਂ ਮੇਰੀ ਨਜ਼ਰ ਇਸ ਤਸਵੀਰ 'ਤੇ ਪੈਣੀ, ਤਾਂ ਮੈਂ ਅਣਡਿੱਠ ਕਰ ਦੇਣੀ। ਹੁਣ ਇਹਦੇ ਮਾਅਨੇ ਅਨੋਖੇ ਹਨ ਤੇ ਇਸ ਬਾਬਤ ਮੇਰਾ ਲਿਖਣ ਨੂੰ ਚਿਤ ਕਰਦਾ ਹੈ।

ਇਹ ਤਸਵੀਰ ਖਿੱਚਣ ਤੇ ਬਣਾਉਣ ਤੋਂ ਛੁਟ ਮੇਰਾ ਇਸ ਵਿਚ ਕੋਈ ਦਖ਼ਲ ਨਹੀਂ ਸੀ। ਇਹ ਆਸ਼ਕ ਆਏ ਤੇ ਆਖਣ ਲੱਗੇ: ਫੋਟੂ ਲਹੌਣੀ ਆਂ। ਬਾਕੀ ਸਾਰਾ ਕੰਮ ਕੁੜੀ ਦਾ ਸੀ – ਕਿਹੜੇ ਪਾਸੇ ਬੈਠਣਾ ਹੈ, ਕਿਵੇਂ ਬੈਠਣਾ ਹੈ ਤੇ ਕੈਮਰੇ ਦਾ ਬਟਣ ਦੱਬਣ ਵੇਲੇ ਕੀ ਕਰਨਾ ਹੈ। ਤੇ ਕੈਮਰੇ ਨੇ ਜੋ ਦੇਖਿਆ, ਉਹ ਇਸ ਤਸਵੀਰ ਵਿਚ ਦਰਜ ਹੈ।

ਪੈਸੇ ਦੇ ਕੇ ਇਸ ਤਰ੍ਹਾਂ ਤਸਵੀਰ ਲਹਾਉਣ ਦਾ ਫ਼ੈਸਲਾ ਇਨ੍ਹਾਂ ਨੇ ਬੜੀਆਂ ਸੋਚਾਂ ਮਗਰੋਂ ਕੀਤਾ ਹੋਏਗਾ। ਕੁੜੀ ਨੇ ਕਿੰਨੇ ਪੋਜ਼ ਸੋਚੇ ਹੋਣਗੇ ਜਾਂ ਸ਼ਾਇਦ ਇਹ ਪੋਜ਼ ਇਹਨੇ ਸੁੱਤੀ ਪਈ ਨੇ ਦੇਖਿਆ ਹੋਣਾ ਹੈ। ਇਹ ਤਾਂ ਹੋ ਨਹੀਂ ਸਕਦਾ ਕਿ ਇਹਨੇ ਕਿਸੇ ਦੀ ਰੀਸ ਕੀਤੀ ਹੋਏ। ਕਾਮਸੂਤਰ ਦੇ ਰਾਜਸਥਾਨੀ ਸ਼ੈਲੀ ਦੇ ਚਿਤ੍ਰ ਤਾਂ ਇਹਨੇ ਕਿਥੇ ਦੇਖੇ ਹੋਣਗੇ। ਇਹ ਅਕਸ ਇਸ ਗੱਲੋਂ ਮੌਲਿਕ ਹੈ ਕਿ ਇਸ ਤੋਂ ਪਹਿਲਾਂ ਕਿਸੇ ਪੰਜਾਬੀ ਆਸ਼ਕਾਂ ਨੇ ਇਹੋ ਜਿਹੀ ਫ਼ੋਟੋ ਨਹੀਂ ਸੀ ਖਿਚਵਾਈ ਤੇ ਸ਼ਾਇਦ ਨਾ ਹੀ ਇਸ ਤੋਂ ਮਗਰੋਂ। ਪਿੰਡ ਦੀ ਕੁੜੀ ਦਸ ਰਹੀ ਹੈ ਕਿ ਪਿਆਰ ਪਛਾਣ ਹੀ ਨਹੀਂ, ਕਬਜ਼ਾ ਵੀ ਹੈ।

ਕੈਮਰੇ ਨਾਲ਼ ਖਿੱਚੀ ਕਿਸੇ ਤਸਵੀਰ ਦੀ ਵਿਆਖਿਆ ਕਈ ਤਰ੍ਹਾਂ ਕੀਤੀ ਜਾ ਸਕਦੀ ਹੈ। ਇਹਨੇ ਸਮੇਂ ਨੂੰ ਚੌਖਟੇ ਚ ਜੜਿਆ ਹੁੰਦਾ ਹੈ। ਇਸ ਤਸਵੀਰ ਦਾ ਸਮਾਂ ਚੋਰੀ ਕੀਤਾ ਹੋਇਆ ਹੈ। ਸਾਡੇ ਸਮਾਜ ਵਿਚ ਚੋਰੀ ਬਿਨਾਂ ਯਾਰੀ ਨਹੀਂ ਹੁੰਦੀ। ਵਸਲ ਵਿਚ ਆਸ਼ਕਾਂ ਨੂੰ ਵੇਲਾ ਲੰਘ ਜਾਣ ਦੀ ਚਿੰਤਾ ਹੁੰਦੀ ਹੈ ਤੇ ਵਿਛੋੜੇ ਚ ਤਾਂ ਵੇਲਾ ਲੰਘਦਾ ਹੀ ਨਹੀਂ। ਓਦੋਂ ਤਾਂ ਸ਼ਾਹ ਹੁਸੈਨ ਦੇ ਕਹਿਣ ਵਾਂਙ ਬ੍ਰਿਹੋਂ ਦੀ ਵਗਦੀ 'ਨੇਰ੍ਹੀ ਚ ਅਕਲ ਦਾ ਦੀਵਾ ਨਹੀਂ ਬਲ਼ਦਾ। ਓਦੋਂ ਤਾਂ ਇਹੋ ਜਿਹੀ ਤਸਵੀਰ ਦਾ ਵੀ ਕੋਈ ਆਸਰਾ ਨਹੀਂ ਹੁੰਦਾ; ਸੱਜਣ ਦੀ ਯਾਦ ਦਾ ਵੀ ਨਹੀਂ।

ਸਾਫ਼ ਦਿਸਦਾ ਹੈ ਕਿ ਇਹ ਦੋਹਵੇਂ ਪਤੀ ਪਤਨੀ ਨਹੀਂ ਹਨ। ਅਪਣੇ ਪਤੀ ਪਤਨੀ ਨੂੰ ਤੀਵੀਂ ਆਦਮੀ ਵੀ ਆਖੀਦਾ ਹੈ। ਖ਼ੈਰ, ਤੀਵੀਂ ਆਦਮੀ ਤਾਂ ਇਹ ਹਨ ਹੀ। ਪੰਜਾਬੀ ਸਮਾਜ ਵਿਚ ਵਿਆਹੇ ਹੋਏ ਇਹੋ-ਜਿਹੀ ਤਸਵੀਰ ਨਹੀਂ ਖਿਚਵਾਉਂਦੇ। ਇਹ ਆਸ਼ਿਕ ਹਨ, ਭਾਵੇਂ ਕਿਸੇ ਵਰਜਿਤ ਰਿਸ਼ਤੇ ਚ ਇਕ ਦੂਜੇ ਦੇ ਕੁਝ ਲੱਗਦੇ ਵੀ ਹੋਣ। ਆਸ਼ਿਕ ਸ਼ਬਦ ਰਤਾ ਭੱਦਰ ਹੈ, ਕਵਿਤਾ ਤੇ ਲੋਕ ਗੀਤਾਂ ਚ ਵਰਤਿਆ ਜਾਣ ਵਾਲ਼ਾ। ਆਮ ਬੋਲੀ ਵਿਚ ਇਹ ਇਕ ਦੂਜੇ ਨਾਲ਼ ਫਸੇ ਹੋਏ ਹਨ। ਬੰਦਾ ਫਸਦਾ ਕਿਸ ਚੀਜ਼ ਵਿਚ ਹੈ? ਜਾਲ਼ ਵਿਚ, ਚਿੱਕੜ, ਫਾਹੀ, ਪਿੰਜਰੇ, ਕੁੜਿੱਕੀ ਕੁੰਡੀ ਤੇ ਟੋਹੇ ਵਿਚ। ਫਸਣ ਦੀਆਂ ਇਹ ਸਾਰੀਆਂ ਸ਼ੈਆਂ ਖੁੱਲ੍ਹ ਦੇ ਉਲਟ ਹਨ। ਤਾਂ ਵੀ ਇਨਸਾਨ ਫਸਣ ਦੇ ਤਰਲੇ ਲੈਂਦਾ ਹੈ। ਏਸ ਪਰਾਧੀਨਤਾ ਲਈ ਬੰਦਾ ਅਪਣੀ ਜਾਨ ਵੀ ਦੇ ਦਿੰਦਾ ਹੈ। ਉਹਨੂੰ ਇਸੇ ਮਰਨ ਚ ਜੀਉਣ ਦਿਸਦਾ ਹੈ। ਭਗਤ ਕਬੀਰ ਦੀ ਇਹ ਗੱਲ ਆਮ ਮਰਦ ਨੂੰ ਦੱਸੋ, ਤਾਂ ਉਹਨੂੰ ਜਚਣੀ ਨਹੀਂ: ਕਬੀਰ ਭਗ ਕੀ ਪ੍ਰੀਤੜੀ ਕੇਤੇ ਗਏ ਗਡੰਤ /ਕੇਤੇ ਅਜਹੂੰ ਜਾਇਸੀਂ ਨਰਕ ਹਸੰਤ ਹਸੰਤ। ਅਰਥਾਤ ਭਗ ਦੀ ਪ੍ਰੀਤ ਦੇ ਚਿੱਕੜ ਵਿਚ ਫਸਦੇ ਕਿੰਨੇ ਹੀ ਨਰਕ ਚਲੇ ਗਏ ਤੇ ਅੱਜ ਵੀ ਕਿੰਨੇ ਹੀ ਹੱਸਦੇ-ਹੱਸਦੇ ਨਰਕ ਜਾਣਗੇ। ਕਬੀਰ ਜੀ ਤਾਂ ਇਥੋਂ ਤਕ ਵੀ ਆਖ ਗਏ ਹਨ ਕਿ ਕਾਮਣ ਤੀਵੀਂ ਤਿੰਨਾਂ ਲੋਕਾਂ ਦੀ ਕਾਲ਼ੀ ਨਾਗਣ ਹੈ।

ਕੈਮਰਾ ਜਿਵੇਂ ਪਰਲੋਕ ਦਾ ਜੀਵ ਹੈ; ਇਹ ਕਾਣਾ ਨਹੀਂ, ਇਹ ਹੁੰਦਾ ਈ ਇਕ-ਅੱਖਾ ਹੈ। ਓਭੜ ਬੰਦੇ ਨੂੰ ਇਹ ਡਰਾਉਂਦਾ ਬਹੁਤ ਹੈ। ਕੈਮਰੇ ਅੱਗੇ ਹੱਸਣਾ ਅਪਣੇ ਲੋਕਾਂ ਨੂੰ ਹੁਣ ਜਾ ਕੇ ਆਇਆ ਹੈ; ਨਹੀਂ ਤਾਂ ਸਾਡੀਆਂ ਪੁਰਾਣੀਆਂ ਤਸਵੀਰਾਂ ਚ ਜਣੇ ਬੜੇ ਘਬਰਾਏ ਨਜ਼ਰ ਆਉਂਦੇ ਹਨ, ਜਿਵੇਂ ਇਹ ਮੁੰਡਾ ਕੁੜੀ ਨਜ਼ਰ ਆ ਰਹੇ ਹਨ। ਮੁੰਡਾ 'ਘੁੱਟਿਆ-ਵੱਟਿਆ ਬਾਹਵਾਂ ਇਕੱਠੀਆਂ ਕਰੀ ਬੈਠਾ ਹੈ। ਕੁੜੀ ਭਾਵੇਂ ਮੁੰਡੇ ਦੇ ਗਲ਼ ਵਿਚ ਬਾਂਹ ਪਾਈ ਬੈਠੀ ਹੈ, ਪਰ ਡਰੀ ਹੋਈ ਇਹ ਵੀ ਹੈ; ਤੇ ਅਪਣੇ ਡਰ ਨੂੰ ਦੂਰ ਕਰਨ ਲਈ ਕੇਲੇ ਨੂੰ ਢਾਲ਼ ਬਣਾ ਲਿਆ ਹੈ; ਟੂਣੇ ਦੀ ਕੋਈ ਸ਼ੈਅ, ਜਿਸ ਨਾਲ਼ ਬਲਾ ਨੇ ਟਲ਼ ਜਾਣਾ ਹੈ। ਇਵੇਂ ਵੀ ਲਗਦਾ ਹੈ, ਜਿਵੇਂ ਇਹ ਕਲੋਲ ਕਰਦੇ ਉੱਤੋਂ ਕਿਸੇ ਨੇ ਦੇਖ ਲਏ ਹੋਣ ਤੇ ਅੱਗਿਓਂ ਇਹ ਆਖ ਰਹੇ ਹੋਣ:

ਜਾਂ ਫੇਰ, ਕੀ ਕਰ ਲਓਗੇ ਸਾਡਾ? ਇਹ ਉਦਾਸ ਵੀ ਲੱਗਦੇ ਹਨ।

ਕੇਲਾ ਇਸ ਤਸਵੀਰ ਦਾ ਧੁਰਾ ਹੈ। ਜੇ ਇਹ ਕੇਲਾ ਨਾ ਹੁੰਦਾ ਤੇ ਕੁੜੀ ਮੁੰਡਾ ਸਹਿਜ ਬੈਠੇ ਹੁੰਦੇ, ਜਾਂ ਜੇ ਗਲ਼ ਚ ਬਾਂਹ ਵੀ ਪਾਈ ਹੁੰਦੀ, ਤਾਂ ਵੀ ਗੱਲ ਨਹੀਂ ਸੀ ਬਣਨੀ। ਇਥੇ ਕੇਲਾ ਬੰਦਿਸ਼ ਵਾਲ਼ੇ ਸਮਾਜ ਵਿਚ ਖੁੱਲ੍ਹ ਦਾ ਨਿਸ਼ਾਨ ਹੈ। ਇਹ ਦਰਸ਼ਕ ਨੂੰ ਵੰਗਾਰਦਾ, ਉਕਸਾਉਂਦਾ ਤੇ ਪ੍ਰੇਰਦਾ ਹੈ। ਦਿਖਾ ਕੇ ਕੀਤੀ ਹਰਕਤ ਦਾ ਜਿਨਸੀ ਮਤਲਬ ਵੀ ਹੁੰਦਾ ਹੈ। ਇਹ ਫ਼ੋਟੋ ਫ਼ੈਮਿਲੀ ਐਲਬਮ ਚ ਲੱਗਣ ਵਾਲ਼ੀ ਨਹੀਂ। ਇਹ ਪਰਿਵਾਰ ਦੇ ਰਵਾਇਤੀ ਬੰਧਨ ਨੂੰ ਤੋੜਦੀ ਹੈ। ਇਸ ਲਈ ਇਹ ਸ਼ੀਸ਼ੇ ਚ ਜੜਾ ਕੇ ਕੰਧ 'ਤੇ ਵੀ ਨਹੀਂ ਟੰਗੀ ਜਾ ਸਕਦੀ। ਇਹ ਲੀੜਿਆਂ ਚ ਲੁਕੋ ਕੇ ਰੱਖਣ ਵਾਲ਼ੀ ਤਸਵੀਰ ਹੈ, ਜਿਨ੍ਹਾਂ ਵਿੱਚੋਂ ਕਵੀ ਲਾਲ ਸਿੰਘ ਦਿਲ ਦੇ ਕਹਿਣ ਵਾਂਗ 'ਸਸਤੇ ਸਾਬਣ ਕਰੀਮ ਦੀ ਮਹਿਕ' ਆਉਂਦੀ ਹੈ। ਇਹ ਇਨ੍ਹਾਂ ਆਸ਼ਿਕਾਂ ਦੇ ਚੇਤੇ ਵਿਚ ਜੜੀ ਹੋਈ ਤਸਵੀਰ ਹੈ। ਫ਼ੈਮਿਲੀ ਐਲਬਮਾਂ ਚ ਜੜੀਆਂ ਫ਼ੋਟੋਆਂ ਚ ਨਜ਼ਰ ਆਉਂਦਾ ਖੇੜਾ ਅਕਸਰ ਸੱਚਾ ਨਹੀਂ ਹੁੰਦਾ; ਅਸੀਂ ਅਪਣੀ ਜ਼ਿੰਦਗੀ ਦੇ ਕਲੇਸ਼ 'ਤੇ ਪਰਦਾ ਪਾ ਕੇ ਫ਼ੋਟੋ ਖਿਚਵਾਉਂਦੇ ਹਾਂ।

ਵਾਤਸਾਯਨ ਤੇ ਕੋਕਾ ਪੰਡਤ ਪੰਜਾਂ ਇੰਦਰੀਆਂ ਦੇ ਭੋਗ ਦੀ ਗੱਲ ਕਰਦੇ ਹਨ। ਪਿਆਰ ਸਰੀਰ ਵਿਚ ਮਹਿਕਦਾ ਵੀ ਹੈ ਤੇ ਇਹਦਾ ਸਵਾਦ ਵੀ ਹੁੰਦਾ ਹੈ। ਹਰ ਮੁਸ਼ਕ ਨਾਲ਼ ਯਾਦ ਜੁੜੀ ਹੁੰਦੀ ਹੈ। ਕੇਲੇ ਸ਼ਬਦ ਦੀ ਧੁਨੀ ਸੁਣ ਕੇ ਜਾਂ ਉਚਰ ਕੇ, ਕੇਲਾ ਦੇਖ ਕੇ, ਖਾ ਕੇ ਤੇ ਸੁੰਘ ਕੇ ਇਨ੍ਹਾਂ ਆਸ਼ਿਕਾਂ ਨੂੰ ਇਹ ਤਸਵੀਰ ਜ਼ਰੂਰ ਚੇਤੇ ਆਉਂਦੀ ਹੋਵੇਗੀ ਤੇ ਸਭ ਤੋਂ ਵਧ ਕੇ ਅਪਣੇ ਵਸਲ ਦਾ ਏਨੇ ਸਾਲ ਪਹਿਲਾਂ ਲਿਆ ਸਵਾਦ ਵੀ।

ਸੰਸਕ੍ਰਿਤ ਵਿਚ ਕੇਲੇ ਦੇ ਦਸ ਨਾਂ ਹਨ। ਦੁਆਬੀ ਵਿਚ ਕੇਲੇ ਨੂੰ ਛੱਲੀ ਵੀ ਆਖਿਆ ਜਾਂਦਾ ਹੈ। ਗੜ੍ਹਵਾਲੀ ਲੋਕ ਗੀਤ ਨੂੰ ਰਤਾ ਬਦਲ ਕੇ ਮੈਂ ਇਹ ਬੋਲੀ ਬਣਾਈ ਹੈ: ਯਾਰ ਮੇਰਾ ਕੇਲੇ ਦੀ ਛੱਲੀ, ਮੈਂ ਖਾ ਖਾ ਨਹੀਂ ਰੱਜਦੀ। – ਛਿੱਲੇ ਹੋਏ ਕੇਲੇ ਦਾ ਜੇ ਡੂੰਘਾ ਮਤਲਬ ਕੱਢਣਾ ਹੋਏ, ਤਾਂ ਉਹਦੇ ਵਾਸਤੇ ਫ਼ਰਾਇਡ ਦੀਆਂ ਪੋਥੀਆਂ ਵਾਚਣ ਦੀ ਲੋੜ ਨਹੀਂ। ਆਦਮ ਤੇ ਹੱਵਾ ਨੂੰ ਅਦਨ ਦੇ ਬਾਗ਼ ਵਿੱਚੋਂ ਸਿਉਂ ਖਾਣ ਕਰ ਕੇ ਨਿਕਲਣਾ ਪਿਆ ਸੀ। ਧਰਤੀ ਦੀ ਇਸ ਹੱਵਾ ਬ਼ੀਬੀ ਨੇ ਕੇਲੇ ਦਾ ਵਰਜਿਆ ਫਲ ਅਪਣੇ ਆਦਮ ਨੂੰ ਖਵਾਇਆ ਹੀ ਨਹੀਂ, ਸਗੋਂ ਉਹਦੀ ਪੱਕੀ ਨਿਸ਼ਾਨੀ ਵੀ ਰੱਖੀ ਹੈ। ਇਸ ਦੁਨੀਆ ਦੇ ਬਾਗ਼ ਵਿੱਚੋਂ – ਜਿਹਨੂੰ ਬਾਬਾ ਸ਼ੇਖ਼ ਫ਼ਰੀਦ ਸੁਹਾਵਾ ਬਾਗ਼ ਆਖਦੇ ਹਨ – ਕੋਈ ਰੱਬ ਇਨ੍ਹਾਂ ਨੂੰ ਧਕ ਕੇ ਕਿਥੇ ਸੁੱਟੇਗਾ?

ਇਸ ਤਸਵੀਰ ਨੂੰ ਨੀਝ ਲਾ ਕੇ ਦੇਖਿਆਂ ਲੱਗਦਾ ਹੈ ਕਿ ਇਹ ਦੋਹਵੇਂ ਸ਼ੀਸ਼ੇ ਚ ਦੇਖ ਰਹੇ ਹਨ ਤੇ ਸ਼ੀਸ਼ਾ ਜਿਵੇਂ ਮੈਂ ਹਾਂ। ਫੇਰ ਲਗਦਾ ਹੈ, ਨਹੀਂ ਇਹ ਤਾਂ ਮੈਂ ਹਾਂ, ਜੋ ਮੋਹਰੇ ਦਿਸਦਾ ਹੈ। ਇਹ ਤਸਵੀਰ ਚਤਾਰਦੀ ਹੈ ਕਿ ਇੱਕੋ ਮੂਲ ਵਿੱਚੋਂ ਪੈਦਾ ਹੋਏ ਇਸਤਰੀ-ਪੁਰਸ਼ ਦਾ ਕੋਈ ਵੈਰ ਨਹੀਂ; ਜੇ ਹੈ, ਤਾਂ ਹੋਣਾ ਨਹੀਂ ਚਾਹੀਏ। ਇਹ ਵਿਪਰੀਤ ਹੁੰਦੇ ਹੋਏ ਵੀ ਇਕ ਦੂਜੇ ਦੇ ਪੂਰਕ ਹਨ। ਦੋਹਵਾਂ ਦਾ ਇਕ ਦੂਏ ਬਿਨਾਂ ਗੁਜ਼ਾਰਾ ਨਹੀਂ। ਜਾਂ ਅਸੀਂ ਇਹ ਮੰਨ ਹੀ ਲਿਆ ਹੈ। ਜਿਵੇਂ ਕਬੀਰ ਸਾਹਬ ਆਖਦੇ ਹਨ: ਕੇਲਾ ਪਾਕਾ ਝਾਰਿ। ਕਿ ਕੰਡਿਆਲ਼ੀ ਝਾੜੀ ਨੂੰ ਕੇਲਾ ਮੰਨ ਕੇ ਮੂਰਖ ਗਵਾਰ ਲੋਕ ਮੁਗਧ ਬੈਠੇ ਹਨ।

# ਕੈਮਰੇ ਦੀ ਨੇਕ ਕਮਾਈ

ਤਰਖਾਣ ਭਾਈ ਲਾਲੋ ਦੇ ਘਰ ਦੀ ਪੱਕੀ ਕੋਧਰੇ ਦੀ ਰੋਟੀ ਚੋਂ ਦੁੱਧ ਸਿੰਮਣ ਵਾਲ਼ੀ ਬਾਬੇ ਨਾਨਕ ਦੀ ਸਾਖੀ ਤੋਂ ਬਿਨਾਂ ਸਾਡੇ ਕੋਲ਼ ਕਿਰਤ ਤੇ ਕਿਰਤੀ ਦੀ ਮਹਿਮਾ ਦਾ ਕੋਈ ਹਵਾਲਾ ਨਹੀਂ। ਕਿਰਤ ਦੇ ਜਸ਼ਨ, ਮਾਣ ਤੇ ਪਿਆਰ ਦੀ ਕੋਈ ਪੰਜਾਬੀ ਕਵਿਤਾ, ਚਿਤ੍ਰਕਾਰੀ (ਫ਼ੋਟੋ, ਫ਼ਿਲਮ, ਪੇਂਟਿੰਗ) ਨਾ ਹੋਣ ਦੇ ਬਰਾਬਰ ਹੈ। ਗੁਰਬਾਣੀ ਵਿਚ ਕਿਰਤ ਤੇ ਘਾਲਿ ਦਾ ਸਿੱਧਾ ਮੇਲ਼ 'ਘਟਿ ਘਟਿ ਮਾਲਕੁ ਦਿਲਾ ਕੇ' (ਤਿਲੰਗ, ਮਃ ੫) ਨਾਲ਼, ਕਰਮ-ਕਾਂਡ ਤੇ ਕਾਰ-ਸੇਵਾ ਨਾਲ਼ ਜਾ ਜੁੜਦਾ ਹੈ। ਵੀਹਵੀਂ ਸਦੀ ਵਿਚ ਵੀ ਸਾਡੇ ਕੰਮੀ ਕਵੀਆਂ ਨੇ ਕਿਰਤ ਦੀ ਸੋਭਾ ਨਹੀਂ ਕੀਤੀ।

ਮਨੂਵਾਦ ਦਾ ਸਿੱਧਾ ਤਰਕ ਹੈ – ਦਸਾਂ ਨਹੁੰਆਂ ਦੀ ਕਾਰ ਕਰਨ ਵਾਲ਼ਾ ਬੰਦਾ ਕੰਮੀ-ਕਮੀਣ ਨੀਚ ਹੁੰਦਾ ਹੈ। ਕਿਰਤੀ ਸ਼ਬਦ ਤੇ ਕਿਰਤ ਦਾ ਮਾਣ ਪੰਜਾਬੀ ਪਰਵਾਸ ਦੀ ਦੇਣ ਹੈ। ਪੂੰਜੀਵਾਦ ਜ਼ਾਤ ਦਾ ਹੰਕਾਰ ਭੰਨਦਾ ਹੈ। ਸੱਚੀ ਟਕਸਾਲ ਵਿਚ ਘੜਿਆ ਕਿਰਤੀ ਸ਼ਬਦ ਪੰਜਾਬ ਦੇ ਪਹਿਲੇ ਮਾਰਕਸਵਾਦੀ ਚਿੰਤਕ ਤੇ ਕਿਰਤੀ ਪਰਚੇ ਦੇ ਮੋਢੀ-ਸੰਪਾਦਕ ਭਾਈ ਸੰਤੋਖ ਸਿੰਘ ਨੇ ਅਮਰੀਕਾ ਚ ਮਿਹਨਤ-ਮਜੂਰੀ ਕਰਦਿਆਂ ਚਿਤਵਿਆ ਹੋਣਾ ਹੈ। ਨਿਆਰੀ ਗੱਲ ਹੈ ਕਿ ਸਾਡੇ ਕਾਰੀਗਰ ਬ੍ਰਹਮਾ ਦੇ ਪੁਤ ਲੰਕਾ ਤੇ ਦਵਾਰਕਾ ਦੇ ਭਵਨਕਾਰ ਵਿਸ਼ਕਰਮਾ ਦਾ ਨਾਂ ਲੈ ਕੇ ਅਪਣੇ ਸੰਦਾਂ ਦੀ ਪੂਜਾ ਕਰਦੇ ਹਨ। ਇਸ ਵਰ੍ਹੇ ਦਿਨਾਂ ਦੇ ਦਿਨ ਕਿਰਤੀ ਅਪਣੇ ਸੰਦ ਪੂੰਝਦੇ ਸਵਾਰਦੇ ਤੇ ਅਪਣੇ 'ਕਰਖੱਨੇ' ਸਾਫ਼ ਕਰਦੇ ਹਨ। ਇਹ ਦਿਨ ਸੰਦਾਂ ਦੇ ਆਰਾਮ ਕਰਨ ਦਾ ਦਿਨ ਹੁੰਦਾ ਹੈ। ਇਨਸਾਨ ਦਾ ਕਿਰਤ ਨਾਲ਼ ਐਸਾ ਸਤਿਕਾਰ ਤੇ ਪਿਆਰ ਹੋਰ ਕਿਸੇ ਕਲਚਰ ਵਿਚ ਨਹੀਂ ਸੁਣੀਂਦਾ।

ਦੇਸ ਪੰਜਾਬ ਵਿਚ ਫ਼ੋਟੋ ਖਿਚਣ ਵਾਲ਼ਾ ਕੈਮਰਾ ਸੰਨ 1850 ਵਿਚ ਫ਼ਰੰਗੀਆਂ ਦੇ ਨਾਲ਼ ਹੀ ਅੱਪੜ ਗਿਆ ਸੀ। ਸਭ ਤੋਂ ਪਹਿਲੀ ਫ਼ੋਟੋ ਮਹਾਰਾਜਾ ਦਲੀਪ ਸਿੰਘ ਦੀ ਮਿਲ਼ਦੀ ਹੈ। ਸਾਡਾ ਪਹਿਲਾ ਉਸਤਾਦ ਫ਼ੋਟੋਗਰਾਫ਼ਰ ਉਮਰਾਓ ਸਿੰਘ ਸ਼ੇਰਗਿੱਲ (1870-1954) ਸੀ। ਫ਼ੋਟੋਗਰਾਫ਼ਰਾਂ ਦੀਆਂ ਹੱਟੀਆਂ ਲਹੌਰ ਸਿਆਲ਼ਕੋਟ, ਅਮ੍ਰਿਤਸਰ ਤੇ ਹੋਰ ਸ਼ਹਿਰਾਂ ਚ ਸੰਨ 1920ਾਂ ਚ ਖੁੱਲ੍ਹਣ ਨਾਲ਼ ਪੰਜਾਬੀ ਘਰਾਂ ਵਿਚ ਤਸੱਵੁਰ (ਕਲਪਨਾ) ਦੀਆਂ ਨਵੀਂਆਂ ਤਾਕੀਆਂ ਖੁੱਲ੍ਹ ਗਈਆਂ। ਓਸੇ ਦੌਰ ਵਿਚ ਕਿਰਤੀਆਂ ਦੇ ਨਵੇਂ ਦੇਸ ਰੂਸ ਦੇ ਤੇ ਯੂਰਪ ਅਮਰੀਕਾ ਦੇ ਨਾਮਵਰ ਫ਼ੋਟੋਗਰਾਫ਼ਰਾਂ ਨੇ ਕਿਰਤੀਆਂ ਦੀ ਵਖਤਾਂਮਾਰੀ ਜ਼ਿੰਦਗੀ ਤੇ ਸਿਆਸੀ ਜੱਦੋਜਹਿਦ ਦੀ ਅੱਕਾਸੀ ਕੀਤੀ। ਇਹਦਾ ਤੇ ਫ਼ਿਲਮਾਂ ਦਾ ਅਸਰ ਪੰਜਾਬ ਵਿਚ ਹੁਣ ਤਕ ਵੀ ਬਹੁਤ ਘਟ ਅਸਰ ਦਿਸਦਾ ਹੈ। ਸੰਨ 1940ਆਂ ਵਿਚ ਕਮਿਊਨਿਸਟ ਆਗੂ ਪੂਰਨ ਚੰਦ ਜੋਸ਼ੀ ਦੇ ਪੰਜਾਬ ਘੱਲੇ ਬੰਗਾਲੀ ਫ਼ੋਟੋਕਾਰ ਸੁਨੀਲ ਜਾਨਾ ਨੇ ਅਮ੍ਰਿਤਸਰ ਜ਼ਿਲੇ ਦੇ ਲੋਕਾਂ ਦੀਆਂ ਤਸਵੀਰਾਂ ਬਣਾਈਆਂ ਸਨ। ਪਰ ਜਾਨਾ ਦੀ ਉਸ ਵੇਲੇ ਦੇ ਪੰਜਾਬੀ ਕਿਰਤੀ ਦੀ ਖਿੱਚੀ ਤਸਵੀਰ ਨਹੀਂ ਮਿਲ਼ਦੀ। ਆਜ਼ਾਦੀ ਬਾਅਦ ਹਾਕਮ ਮਹਿੰਦਰ ਸਿੰਘ ਰੰਧਾਵੇ ਦੇ ਨੌਕਰੀਂ 'ਤੇ ਰੱਖੇ ਦੋ-ਤਿੰਨ ਫ਼ੋਟੋਗਰਾਫ਼ਰਾਂ ਨੇ ਸਾਹਿਬ ਦੇ ਆਖੇ ਪੰਜਾਬੀ 'ਕਲਚਰ' ਦੀਆਂ ਫ਼ੋਟੋਆਂ ਤਾਂ ਖਿੱਚੀਆਂ, ਪਰ ਉਚੇਚਾ ਕਿਰਤੀਆਂ ਮਿਹਨਤਕਸ਼ਾਂ ਦੇ ਜੀਵਨ ਦੀ ਤਸਵੀਰਕਸ਼ੀ ਨਹੀਂ ਕੀਤੀ। ਕਿਉਂਕਿ ਉਨ੍ਹਾਂ ਚੋਂ ਕਿਸੇ ਦੀ ਵੀ ਮਜ਼ਦੂਰਾਂ ਤੇ ਉਨ੍ਹਾਂ ਦੀ ਸਿਆਸੀ ਲਹਿਰ ਨਾਲ਼ ਹਮਦਰਦੀ ਨਹੀਂ ਸੀ। ਇਹ

ਕੰਮ ਪੰਜਾਬੀ ਕਮਿਊਨਿਸਟ ਪਾਰਟੀ ਦੇ ਕਰਨ ਦਾ ਸੀ, ਪਰ ਇਹਦੇ ਕਿਸੇ ਵੀ ਆਗੂ ਨੂੰ ਕਲਾ ਨਾਲ ਕੋਈ ਲਗਾਉ ਨਹੀਂ ਸੀ। ਇਹੀ ਹਾਲ ਪੰਜਾਬੀ ਦੇ ਸਭ ਅਖ਼ਬਾਰਾਂ ਪਰਚਿਆਂ ਦੇ ਮਾਲਿਕਾਂ ਸੰਪਾਦਕਾਂ ਦਾ ਸੀ।

***

ਹੁਣ ਮਾਲਵੇ ਦੇ ਜੰਮਪਲ਼ ਤੇ ਚੰਡੀਗੜ੍ਹ ਦੇ ਪੜ੍ਹੇ-ਪੜ੍ਹਾਏ ਕੁਝ ਫ਼ੋਟੋਗਰਾਫ਼ਰਾਂ ਨੇ ਅਪਣੇ ਕੈਮਰੇ ਦਾ ਮੂੰਹ ਕਿਰਤੀਆਂ ਵਲ ਕੀਤਾ ਹੈ। ਸੁੱਖਪੁਰੇ ਦਾ ਗੁਰਦੀਪ ਸਿੰਘ ਧਾਲ਼ੀਵਾਲ਼, ਮਰੋਕੇ ਦਾ ਰਣਦੀਪ ਸਿੰਘ – ਇਹ ਦੋਹਵੇਂ ਇਸ ਕੰਮ ਦੇ ਮੋਢੀ ਮੰਨੇ ਜਾਣਗੇ।

ਹੁਣ ਮੈਂ ਧਾਲ਼ੀਵਾਲ਼ ਦੀਆਂ ਦੋ ਤਸਵੀਰਾਂ ਦੀ ਗੱਲ ਕਰਦਾਂ।




ਪਹਿਲੀ ਤਸਵੀਰ ਵਿਚ ਮੰਡੀ ਗੋਬਿੰਦਗੜ੍ਹ ਦਾ ਖ਼ਰਾਦੀਆ ਕੰਧ-ਥਾਂ ਨਾਲ਼ ਢਾਸਣਾ ਲਾਈ ਨੀਮ-ਅੰਨ੍ਹੇਰੇ ਵਿਚ ਨਾ-ਖੜ੍ਹਾ-ਨਾ-ਬੈਠਾ ਚਾਹ ਪੀਣ ਲੱਗਾ ਹੈ। ਕਿਹੜੀਆਂ ਸੋਚਾਂ ਵਿਚ ਇਹਦੀ ਲਿਵ ਲੱਗੀ ਹੋਈ ਹੈ? ਕੰਧ 'ਤੇ ੴ ਤੇ ਮਾਂ ਲਿਖਿਆ ਹੈ। ਜਿਵੇਂ ਇਹਨੂੰ ਇਨ੍ਹਾਂ ਦੋ ਹਸਤੀਆਂ ਦਾ ਹੀ ਆਸਰਾ ਹੈ। ਧੁੱਪ ਨਾਲ਼ ਲਿਸ਼ਕਦਾ ਬੂਹੇ ਦਾ ਪੱਲੜਾ ਤੇ ਲੋਹੇ ਦੇ ਸਰੀਏ ਟਿਕਾਉਣ ਲਈ ਖ਼ਰਾਦ ਨਾਲ਼ ਦੀ ਬਾਰੀ ਵਿਚ ਦੀ ਥੱਲੇ ਕਚਰੇ 'ਤੇ ਡਿੱਗੇ ਧੁੱਪ ਦੇ ਟੋਟੇ ਦੇਖ ਕੇ ਸਾਹ ਘਟ ਘੁੱਟਦਾ ਹੈ; ਵਰਨਾ 'ਕੋਈ ਉੱਮੀਦ ਬਰ ਨਹੀਂ ਆਤੀ'। ਇਹ ਦੁਨੀਆ ਦੇ ਕਿਸੇ ਵੀ ਮੁਲਕ ਦੇ ਕਾਮੇ ਦੀ ਤਸਵੀਰ ਹੋ ਸਕਦੀ ਹੈ। ਏਥੇ ਮਾਰਕਸ ਦੀ ਗੱਲ ਜਚਦੀ ਹੈ ਕਿ ਮਜ਼ਦੂਰ ਦਾ ਕੋਈ ਦੇਸ ਨਹੀਂ ਹੁੰਦਾ।

ਦੂਸਰੀ ਮਲੇਰਕੋਟਲੇ ਦੀ ਤਸਵੀਰ ਵਿਚ ਦਿਸਦੇ ਪੈਰ ਹੀ ਦਸਦੇ ਨੇ ਕਿ ਇਹ ਕਿਸੇ ਕਾਮੇ ਦੇ ਪੈਰ ਹਨ। ਬੰਦਾ ਫ਼ਰਸ਼ 'ਤੇ ਮਹਿੰ ਦੀ ਵਿਛਾਈ ਖੱਲ ਦੀ ਸਫ਼ਾਈ ਵਾਸਤੇ ਨੰਗੇ ਪੈਰਾਂ ਨਾਲ਼ ਮੋਟਾ ਲੂਣ ਰਗੜ ਰਿਹਾ ਹੈ। ਚੰਮ ਦਾ ਕੰਮ ਬਦਬੂ ਵਾਲ਼ਾ ਹੈ। ਪਰ ਤਸਵੀਰ ਬੋ ਨਹੀਂ ਖਲਾਰਦੀ। ਤਸਵੀਰ ਵਾਜਾਂ ਵੀ ਨਹੀਂ ਕੱਢਦੀ। ਸਮੁੱਚੀ ਤਸਵੀਰ ਵਿਚ ਚਮੜੀ ਦਾ ਫੈਲਾਉ ਹੈ। ਮਰ ਕੇ ਮਨੁੱਖ ਦੇ ਲੇਖੇ ਲੱਗੇ ਮੈਹਰੂ ਦੀ ਖੱਲ ਤੇ ਮਨੁੱਖ ਦੀ ਚਮੜੀ। ਪੈਰ ਸਾਰੇ ਸਰੀਰ ਦਾ ਭਾਰ ਚੁੱਕਦੇ ਹਨ। ਇਹ ਬਿੰਬ ਬਹੁਤ ਭਾਰਾ ਹੈ – ਮਰੇ ਹੋਏ ਢੋਅ ਕੇ ਲਿਆਂਦੇ ਝੋਟੇ ਜਿੰਨਾ। ਕਾਮੇ ਦੀ ਅਪਣੀ ਚਮੜੀ ਦਾ ਹਾਲ ਚੰਮ ਵਰਗਾ ਹੋਇਆ ਪਿਆ ਹੈ। ਮਿੱਟੀ ਨਾਲ਼ ਮਿੱਟੀ ਹੋਣ ਦਾ ਮੁਹਾਵਰਾ ਬਦਲ ਕੇ ਚੰਮ ਨਾਲ਼ ਚੰਮ ਹੋਣਾ ਹੋ ਗਿਆ ਹੈ।

ਦੋਹਵੇਂ ਤਸਵੀਰਾਂ ਵਿਚ ਮਨੁੱਖ ਦੇ ਜੀਣ-ਥੀਣ ਦਾ ਯਾਤ੍ਰਾ-ਬ੍ਰਿਤਾਂਤ ਹੈ। ਇਹ ਘਰ ਦੀ ਬੈਠਕ ਸਜਾਉਣ ਲਈ ਤੇ ਫ਼ਰੇਮ ਕਰਵਾ ਕੇ ਕੰਧ 'ਤੇ ਟੰਗਣ ਵਾਲ਼ੀਆਂ ਨਹੀਂ। ਇਹ ਕਾਮੇ ਧਨੀ ਰਾਮ ਚਾਤ੍ਰਿਕ ਦੀ ਕਵਿਤਾ ਵਾਲ਼ੇ ਸੁਰਗੀ ਜੀਉੜੇ ਨਹੀਂ। ਰੂਸ ਚੀਨ ਦੇ ਇਨਕਲਾਬ ਪਿੱਛੋਂ ਤਸਵੀਰਾਂ ਵਿਚ ਕਮਾਏ ਹੋਏ ਜੁੱਸਿਆਂ ਵਾਲ਼ੇ ਕਿਰਤੀ ਆਸਮਾਨ ਵਲ ਇੰਜ ਤੱਕਦੇ ਹਨ, ਜਿਵੇਂ ਸਾਰੀ ਦੁਨੀਆ ਜਿੱਤਣ ਚੱਲੇ ਹਨ। ਫੇਰ ਉਹ ਜਿੱਤੀ ਬਾਜ਼ੀ ਹਾਰ ਗਏ। ਧਾਲ਼ੀਵਾਲ਼ ਦੀਆਂ ਤਸਵੀਰਾਂ ਦੇ ਕਾਮਿਆਂ ਦੀਆਂ ਨਜ਼ਰਾਂ ਜ਼ਮੀਨ ਵਿਚ ਗੱਡੀਆਂ ਹੋਈਆਂ ਹਨ।

ਖ਼ਰਾਦ ਕੋਲ਼ ਖੜ੍ਹਾ ਮਨੁੱਖ ਹੱਸਦਾ ਕਿਹੋ ਜਿਹਾ ਲੱਗਦਾ ਹੋਵੇਗਾ? ਚਮੜਾ ਕਮਾਉਂਦੇ ਕਾਮੇ ਦੇ ਪੈਰਾਂ ਨੇ ਕਦੇ ਨੱਚ ਕੇ ਵੀ ਵੇਖਿਆ ਹੋਵੇਗਾ? ਇਨ੍ਹਾਂ ਸਵਾਲਾਂ ਦਾ ਇਨ੍ਹਾਂ ਨੂੰ ਕਾਹਦਾ ਆਸਰਾ? ਆਪਾਂ ਖ਼ਰਾਦੀਏ ਨੂੰ ਕੰਮ ਕਰਨ ਦੇਈਏ। ਚਾਹ ਪੀ ਲਵੇ। ਫੇਰ ਇਹਨੇ ਲੋਹੇ ਨਾਲ਼ ਲੋਹਾ ਲੈਣਾ ਹੈ।



## ਵਿਸ਼੍ਵਕਰਮਾ ਦੀ ਵੇਲ

ਕਿਰਤ ਮਹਾਤਮ
ਸੈਭੰ ਅਜੂਨੀ
ਬ੍ਰਹਮਾ ਜਾਇਆ
ਇੰਦਰ ਸੂਰਜ ਵਰੁਣ ਤੇ ਅਗਨੀ
ਵਿਸ਼੍ਵ ਦਾ ਕਰਮਾ
ਖੰਡਾ ਬ੍ਰਹਮੰਡਾ
ਸ਼ਿਵ ਸਦੀਵੀ
ਮਾਯਾ ਭਵਨ ਬਣਾਇਆ ਸਰਬਦ੍ਰਸ਼ਟਾ
ਬਹੁਮੁਖ ਭੁਜਾ ਤੇ ਪਾਦਕ

ਤੂੰ ਹੀ ਸੀ
ਜਦ ਕੁਝ ਵੀ ਨਹੀਂ ਸੀ
ਨਾ ਪਾਣੀ ਨਾ ਮਿੱਟੀ
ਨਾ ਵਾਯੂ ਨ ਮੰਡਲ

ਤੂੰ ਹੀ ਬ੍ਰਹਸਪਤ ਪੰਚ ਪਰਜਾਪਤ
ਸ੍ਵਰਗ ਤੇ ਲੰਕਾ ਦਵਾਰਕਾ ਸਾਜੀ
ਦਸੋ ਦਿਸ਼ਾਵਾਂ

ਪਹਿਲੇ ਸਾਜੀ ਕੁਲ ਸ੍ਰਿਸ਼ਟੀ
ਫਿਰ ਮਾਨਵ ਦ੍ਰਿਸ਼ਟੀ
ਸ਼ਿਲਪਕਾਰੀਆਂ
ਅਸਤਰ ਸ਼ਸਤਰ ਸੰਦ-ਸੰਦੇੜੇ
ਹਲ਼ ਸੁਹਾਗਾ ਹਲ਼ਟੀ
ਕਹੀ ਹਥੌੜਾ
ਦਾਤੀ ਰੰਬਾ
ਰੰਦਾ ਤੇਸੀ
ਵਰਮੀ ਡੂੰਘੀ
ਇਟ ਚਿਣੀਕੇ ਸਾਹਲ਼ ਲਟਕੀ ਸਿੱਧ ਸਤੀਰੀ
ਸਭ ਕੁਝ ਗੁਣੀਏਂ ਅੰਦਰ

ਬੱਦਲ਼ਾਂ ਦੀ ਮਾਲ਼੍ਹ ਵਰ੍ਹਾਈ
ਖੂਹ ਦੀਆਂ ਟਿੰਡਾਂ

ਸੁਘੜ ਸੁਆਣੀ ਸੂਤਰ ਕੱਤਿਆ
ਤਾਣੀ ਸੁਲ਼ਝੀ
ਬੁਣਕਰ ਕੱਜਣ ਕੱਜਿਆ

ਲੱਕੜ ਪੱਥਰ ਮਿੱਟੀ ਘਾੜਾ
ਜੋ ਕਰਮ ਕਮਾਵੈ ਲੋਹਾ ਸੋਨਾ
ਕਰਮਕਾਰ ਕਹਾਵੈ ਕਰਮਾਂਵਾਲ਼ਾ
ਜੋ ਵੀ ਹੱਥੀਂ ਕਾਰ ਕਰੇਵਾ
ਓਹੀਓ ਤੇਰਾ ਨਾਮਲੇਵਾ ਹੈ

ਦੀਵਾ ਸੂਰਜ ਨਿਤ ਬ਼ਲੇ ਹੈ
ਖਿੱਦੋ ਧਰਤੀ ਇੱਕੋ ਥਾਂ 'ਪਰ ਰਿੜ੍ਹਦੀ ਰਹਿੰਦੀ
ਘੜਾ ਪਾਣੀ ਦਾ ਪਿਆਸ ਨੇ ਬੱਧਾ
ਸੂਰਜ ਦੁਆਲ਼ੇ ਚਰਖ਼ਾ ਗੇੜਾ
ਪੁੜ ਚੱਕੀ ਦਾ ਰੱਜ ਪੀਸਦਾ
ਮੱਸਿਆ ਰਾਤੇ ਚੰਨ ਚਮਕਾਇਆ
ਪੈਰ ਦਾ ਕੰਡਾ ਕੱਢਿਆ ਚੰਮ ਕੰਡਿਆਰੀ

ਆਰੀ ਦੇ ਦੰਦੇ 'ਤੇ ਗ਼ਜ਼ ਫੇਰਦਾ
ਤਰਬਾਂ ਛਿੜੀਆਂ
ਜਿਸ ਕਾਸੇ ਨੂੰ ਬੰਦਾ ਪਿਆਰ ਨਾ' ਛੁਹਵੇ
ਸੁਰਮੰਡਲ ਸੁਰਮੰਡਲ ਹੋਵੇ

ਕਿਰਤ ਕਲਾ ਦਾ ਜੰਤਰ ਇੰਜਣ
ਲਹੂ ਪਸੀਨੇ ਢ਼ਲ਼ਦਾ ਚੱਲਦਾ

ਰਿਜ਼ਕ ਦੀ ਮਹਿਮਾ
ਕਿਰਤ ਦੀ ਮਹਿਮਾ

ਸਦਕੇ ਤੇਰੇ ਨਾਨਕ ਬਾਬੇ
ਰੁਲ਼ਦੇ ਕੰਮੀ ਨੂੰ ਚੁੱਕ
ਗਲ਼ ਨਾ' ਲਾਇਆ
ਉੱਚੇ ਥਾਉਂ ਬਠਾਇਆ॥

# ਪਿਓ-ਪੁਤਰ

ਪਿਤ ਸੁਤ ਸੁਤ ਪਿਤ ਸੁਤ ਪਿਤ ਪਿਤ ਸੁਤ। ਉਤਪਤਿ ਗਤਿ ਅਤਿ ਗੂੜ ਮੂਲਮੰਤ ਹੈ॥ - ਭਾਈ ਗੁਰਦਾਸ





ਮਾਪਿਆਂ ਦਾ ਅਪਣੇ ਧੀਆਂ-ਪੁੱਤਾਂ ਨਾਲ਼ ਤੇਹ ਸਰਵ-ਵਿਆਪਕ ਹੈ। ਸਾਡੇ ਜੁਗ ਦਾ ਇਹ ਚਮਤਕਾਰ ਹੈ ਕਿ ਇਨਸਾਨੀ ਰਿਸ਼ਤਿਆਂ ਦੀ ਸ਼ਾਹਦੀ ਭਰਦੀਆਂ ਤਸਵੀਰਾਂ ਆਮ ਹਨ। ਗੁਰਬਾਣੀ ਵਿਚ ਪੁਤ ਸ਼ਬਦ ਸੌ ਵਾਰ ਆਉਂਦਾ ਹੈ ਤੇ ਪੁਤ ਦਾ ਸਮਅਰਥੀ ਸ਼ਬਦ ਸੁਤ ਬਿਆਸੀ ਵਾਰ। ਧਰਮ ਵਿਚ ਇਹ ਰਿਸ਼ਤਾ ਤਾਂ ਕੀ ਹਰ ਰਿਸ਼ਤਾ ਬੰਧਨ ਮੰਨਿਆਂ ਗਿਆ ਹੈ। (ਬੰਧਨ ਸੁਤ ਕੰਨਿਆ ਅਰੁ ਨਾਰਿ॥ ਆਸਾ ਮਹਲਾ ੧॥) ਗੁਰੂ ਸਾਹਿਬਾਨ ਦਸਦੇ ਹਨ ਕਿ ਇੱਕੋ ਸੱਚਾ ਰਿਸ਼ਤਾ ਪਾਰਬ੍ਰਹਮ ਦਾ ਹੈ। ਮੈਂ ਅਪਣੀ ਕਿਸੇ ਕਵਿਤਾ ਵਿਚ ਦਸਮੇਸ਼ ਗੁਰੂ ਨੂੰ ਅਪਣੇ ਬੱਚਿਆਂ ਨਾਲ਼ ਲਾਡ ਕਰਦਿਆਂ ਚਿਤਰਿਆ ਹੈ।

ਸਾਡੀ ਲੌਕਿਕ (ਸੈਕੂਲਰ) ਕਵਿਤਾ ਵਿਚ ਪਿਉ-ਧੀ ਦੇ ਰਿਸ਼ਤੇ ਦੀਆਂ ਕਵਿਤਾਵਾਂ ਤਾਂ ਮਿਲ਼ ਜਾਂਦੀਆਂ ਹਨ, ਪਰ ਪਿਉ-ਪੁਤ ਦੀਆਂ ਦੁਰਲਭ ਹਨ। ਹਰਿਭਜਨ ਸਿੰਘ ਨੇ ਅਪਣੇ ਪੁਤ ਮਦਨ ਗੋਪਾਲ ਬਾਰੇ ਕਵਿਤਾ ਲਿਖੀ ਸੀ: ਐ ਮੇਰੇ ਪ੍ਰਿਯਦਰਸ਼ਨ ਬੱਚੇ ਮੇਰੇ ਮਦਨ ਮੁਰਾਰ।...

ਪਿਉ-ਪੁੱਤਾਂ ਦੀਆਂ ਤਸਵੀਰਾਂ ਤਾਂ ਘਰ-ਘਰ ਮੌਜੂਦ ਹਨ, ਪਰ ਤਿੰਨ ਤਸਵੀਰਾਂ ਉਚੇਚੀਆਂ ਹਨ। ਬਲਰਾਜ ਸਾਹਣੀ ਦੀ ਅਪਣੇ ਪੁਤ ਪ੍ਰੀਕਸ਼ਤ ਨਾਲ਼ ਉੱਨੀ ਸੌ ਸੱਠਾਂ ਦੇ ਅੱਧ ਵਿਚ ਰੂਸ ਵਿਚ ਖਿੱਚੀ ਤਸਵੀਰ ਦੀ ਕੋਈ ਵਿਆਖਿਆ ਦਰਕਾਰ ਨਹੀਂ। ਉਪਰਲੀ ਤਸਵੀਰ 1952 ਦੀ ਹੈ, ਜਦ ਫ਼ਿਨਲੈਂਡ ਵਿਚ ਹੋਈਆਂ ਓਲੰਪਿਕ ਖੇਡਾਂ ਵਿਚ ਫ਼ਰਾਂਸ ਦੇ ਤੈਰਾਕ ਯਾਂ ਬਾਇਤੂ ਨੇ ਪਟਕਾ ਜਿੱਤਿਆ ਸੀ, ਤਾਂ ਉਹਦੇ ਪਿਉ ਕੋ਼ਲੋਂ ਖ਼ੁਸ਼ੀ ਸਾਂਭੀ ਨਾ ਗਈ ਤੇ ਉਹਨੇ ਤਲਾਅ ਵਿਚ ਛਾਲ਼ ਮਾਰ ਦਿੱਤੀ ਸੀ। ਸਤੰਬਰ 2000 ਦੀ ਵਿਚਕਾਰਲੀ ਤਸਵੀਰ ਵਿਚ ਫ਼ਲਸਤੀਨੀ ਬਾਪ ਅਪਣੇ ਪੁਤ ਨੂੰ ਇਜ਼ਰਾਈਲੀ ਫ਼ੌਜ ਦੀਆਂ ਗੋ਼ਲੀਆਂ ਦੀ ਵਾਛੜ ਤੋਂ ਬਚਾਅ ਰਿਹਾ ਹੈ। ਦੋਹਵਾਂ ਦੇ ਗੋ਼ਲੀ ਵੱਜੀ ਤੇ ਪੁਤ ਉਹਦੀ ਗੋਦ ਵਿਚ ਮੁੱਕ ਗਿਆ।



# ਬਾਰੀ ਵਿਚ ਖੜ੍ਹੀ ਔਰਤ

ਨਾਲ਼-ਦੀ ਤਸਵੀਰ ਗਹੁ ਨਾਲ਼ ਦੇਖੋ। ਇਹ ਹੱਥੀਂ ਬਣਾਈ ਤਸਵੀਰ ਦੀ ਤਸਵੀਰ ਹੈ। ਇਕਦਮ ਅੱਖਾਂ ਅੱਗੇ ਅੱਧਨੰਗੀ ਔਰਤ ਆਉਂਦੀ ਹੈ। ਇਹਦੇ ਹੱਥ ਦੱਸਦੇ ਨੇ ਕਿ ਇਨ੍ਹਾਂ ਇਹਦੀਆਂ ਛਾਤੀਆਂ ਨੂੰ ਕੱਜਿਆ ਹੋਇਆ ਹੈ। ਕੀ ਔਰਤ ਦੇ ਜਿਸਮ ਦਾ ਇਹ ਸੰਕੋਚ ਸਹਿਜ-ਸੁਭਾਅ ਹੈ? ਜਾਂ ਕਿਸੇ ਹੋਰ ਦੀ ਮੌਜੂਦਗੀ ਕਰਕੇ? ਤਸਵੀਰ ਵਿਚ ਹੋਰ ਕੋਈ ਜੀਅ ਮੌਜੂਦ ਨਹੀਂ। ਇਹ ਅਪਣੇ ਹੀ ਅੱਗੇ ਡਰੀ, ਸਹਿਮੀ ਤੇ ਝਿਜਕੀ ਖੜ੍ਹੀ ਹੈ।

ਇਹ ਤਸਵੀਰ ਆਮ ਤਸਵੀਰਾਂ ਵਾਂਙ ਦੋਪੱਖੀ ਨਹੀਂ, ਬਹੁਪੱਖੀ ਹੈ। ਹਰ ਤਸਵੀਰ ਅਪਣੇ ਆਪ ਚ ਚੌਖਟਾ (ਫ਼ਰੇਮ) ਹੁੰਦੀ ਹੈ। ਇਸ ਤਸਵੀਰ ਵਿਚ ਕਈ ਚੌਖਟੇ ਹਨ। ਇਹ ਫ਼ਰੇਮ ਵੀ ਹੈ ਤੇ ਬਾਰੀ ਵੀ। ਤੇ ਕੋਈ ਨੇੜਿਉਂ ਜਾਂ ਦੂਰੋਂ ਇਸ ਤੀਵੀਂ ਵਲ ਝਾਕ ਰਿਹਾ ਹੈ। ਇਹਨੇ ਜਾਂ ਤਾਂ ਜਾਣਦਿਆਂ ਹੋਇਆਂ ਝਾਕਣ ਵਾਲ਼ੇ ਵਲ ਪਿਠ ਕੀਤੀ ਹੋਈ ਹੈ; ਜਾਂ ਚੁਗਲਝਾਤ ਮਾਰਨ ਵਾਲ਼ੇ ਤੋਂ ਅਣਜਾਣਦਿਆਂ ਇਹ ਸ਼ੀਸ਼ੇ ਅੱਗੇ ਅਪਣਾ ਉਭਾਰ ਕੱਜ ਕੇ ਦੇਖ ਰਹੀ ਹੈ ਕਿ ਕਿਹੋ-ਜਿਹਾ ਲਗਦਾ ਹੈ। ਸ਼ੀਸ਼ੇ ਅੱਗੇ 'ਕੱਲੀ ਤੀਵੀਂ ਕਿਹੋ-ਜਿਹੀਆਂ ਹਰਕਤਾਂ ਕਰਦੀ ਹੋਏਗੀ? ਤਸਵੀਰ ਵਾਲ਼ੀ ਤੀਵੀਂ ਦੇ ਸਿਰ ਦੇ ਬਰਾਬਰ ਦਰੀ ਦਾ ਪੰਜਾਬੀ ਨਮੂਨਾ (ਰੁੱਖ ਜਾਂ ਤਾਰਾ) ਜਾਂ ਤਾਂ ਉਹਦੇ ਪਿਛਾੜੀ ਕੰਧ ਦਾ ਸ਼ੀਸ਼ੇ ਚ ਪੈਂਦਾ ਅਕਸ ਹੈ ਜਾਂ ਉਹਦੇ ਅੱਗੇ ਵਾਲ਼ੀ ਕੰਧ ਦਾ। ਤੁਰਕੀ ਵਿਚ ਇਸ ਨਮੂਨੇ ਦਾ ਮਤਲਬ ਹੋਣੀ ਤੋਂ ਹੈ। ਇਹ ਤੀਵੀਂ ਕੀ ਸੋਚਦੀ ਹੈ? ਇਹਦੇ ਦਿਲ ਚ ਕੀ ਹੈ? ਵੇਗਮੱਤੀਆਂ ਉਂਗਲ਼ਾਂ ਚ ਕਾਮ ਜਾਗਿਆ ਹੋਇਆ ਹੈ। ਕੀ ਇਹ ਅਪਣੇ ਪ੍ਰੇਮੀ ਜਾਂ ਪ੍ਰੇਮਣ ਦੇ ਪਿੰਡੇ ਨੂੰ ਇੰਜ ਹੀ ਟੋਂਹਦੀ ਹੁੰਦੀ ਹੈ?



ਇਸ ਤੀਵੀਂ ਦਾ ਪਿੰਡਾ ਰੱਬ ਦਾ ਵਿਹਲੇ ਵੇਲੇ ਬੈਠ ਕੇ ਬਣਾਇਆ ਵੀਨਸ ਜਾਂ ਪਾਰਵਤੀ ਦਾ ਪਿੰਡਾ ਨਹੀਂ। ਇਹ ਤਸਵੀਰ ਲੁੱਚੇ ਰਸਾਲਿਆਂ ਦੀਆਂ ਤਸਵੀਰਾਂ ਵਰਗੀ ਬੇਹਯਾ ਤੇ ਹੁਸ਼ਿਆਰੀ ਲਿਆਉਣ ਵਾਲ਼ੀ ਨਹੀਂ। ਨਾ ਇਹ ਸੰਕੋਚ ਪੀਪ ਸ਼ੋਅ ਵਿਚ ਹੁੰਦਾ ਹੈ। ਇਹ ਕਾਮਸੂਤਰ ਦੀ ਤਸਵੀਰ ਵੀ ਨਹੀਂ।

ਅੱਜ ਤਾਈਂ ਕਲਾ ਤੇ ਸਾਹਿਤ ਵਿਚ ਮਰਦ ਨੇ ਹੀ ਔਰਤ ਨੂੰ ਚਿਤਰਿਆ ਹੈ। ਇਹ ਸ਼ਿਕਾਇਤ ਔਰਤ ਕਰਦੀ ਹੈ। ਹੁਣ ਤਕ ਮੈਨੂੰ ਦਸ ਦੇਣਾ ਚਾਹੀਦਾ ਸੀ ਕਿ ਇਹ ਨਾਲ਼-ਦੀ ਤਸਵੀਰ ਔਰਤ ਦੀ ਬਣਾਈ ਹੋਈ ਹੈ ਤੇ ਉਹਦਾ ਨਾਂ ਭਜਨ ਹੁੰਝਨ ਹੈ। ਭਜਨੋ ਨੇ ਇਸ ਤਸਵੀਰ ਦਾ ਇਹ ਅੰਗਰੇਜ਼ੀ ਨਾਂ ਰੱਖਿਆ ਹੈ: ਮਾਈਸੈਲਫ਼ ਯਾਨੀ ਮੇਰਾ ਅਪਣਾ ਆਪ।

ਇਸ ਸਵਾਲ ਦਾ ਜਵਾਬ ਲਭਣਾ ਸੌਖਾ ਨਹੀਂ ਕਿ ਕੀ ਮਰਦ ਔਰਤ ਨੂੰ ਉਸ ਹੱਦ ਤਕ ਸਮਝ ਸਕਦਾ ਹੈ, ਜਿਸ ਹੱਦ ਤਕ ਔਰਤ ਅਪਣੇ ਆਪ ਨੂੰ ਜਾਂ ਔਰਤਜ਼ਾਤ ਨੂੰ ਸਮਝਦੀ ਹੈ? ਕੀ ਵਜ੍ਹਾ ਹੈ ਕਿ ਪੰਜਾਬੀ ਦੀਆਂ ਲੇਖਕਾਵਾਂ ਨੇ ਔਰਤ ਬਾਰੇ ਓਨੀ ਅਪਣੱਤ ਨਾਲ਼ ਨਹੀਂ ਲਿਖਿਆ, ਜਿੰਨਾ ਰਾਜਿੰਦਰ ਸਿੰਘ ਬੇਦੀ ਜਾਂ ਪ੍ਰੇਮ ਪ੍ਰਕਾਸ਼ ਨੇ ਲਿਖਿਆ ਹੈ? ਵਾਰਿਸ ਸ਼ਾਹ ਨੇ ਜਿਵੇਂ ਹੀਰ ਦਾ ਰੂਪ ਬਿਆਨ ਕੀਤਾ ਹੈ, ਓਵੇਂ ਕਿਸੇ ਪੰਜਾਬੀ ਲੇਖਕਾ ਨੇ ਔਰਤ ਨੂੰ ਕਿਉਂ ਨਹੀਂ ਦੇਖਿਆ ਜਾਂ ਉਸ ਲਿਹਾਜ਼ ਨਾਲ਼ ਮਰਦ ਨੂੰ ਕਿਉਂ ਨਹੀਂ ਦੇਖਿਆ?


ਅੱਧੀ ਸਦੀ ਪਹਿਲਾਂ ਅਮ੍ਰਿਤਾ ਸ਼ੇਰਗਿੱਲ ਨੇ ਅਪਣਾ ਨਗਨ ਚਿਤ੍ਰ ਬਣਾਇਆ ਸੀ। ਉਹਦੇ ਵੇਲੇ ਤਾਂ ਲਹੌਰ ਵਿਚ ਤਹਿਲਕਾ ਮਚ ਗਿਆ ਹੋਏਗਾ। ਪਰ ਹੁਣ ਦੇ ਜ਼ਮਾਨੇ ਵਿਚ ਪੰਜਾਬੀ ਚਿਤੇਰੀਆਂ ਅਪਣੇ ਨੰਗੇ ਚਿਤ੍ਰ ਕਿਉਂ ਨਹੀਂ ਬਣਾਉਂਦੀਆਂ? ਭਜਨੋ ਤਾਂ ਇੰਗਲੈਂਡ ਦੀ ਜੰਮਪਲ਼ ਹੈ। ਇਹਨੂੰ ਕਾਹਦਾ ਸੰਕੋਚ ਹੈ?

ਇਸ ਤਸਵੀਰ ਵਾਲ਼ੀ ਤੀਵੀਂ ਦਾ ਸੰਕੋਚ ਹਰ ਕਿਸਮ ਦੀ ਸਮਾਜੀ ਬੰਦਿਸ਼ ਦਾ ਸ਼ੀਸ਼ਾ ਹੈ। ਪੰਜਾਬ ਦਾ ਇਤਿਹਾਸ ਔਰਤ ਨਾਲ਼ ਵਧੀਕੀਆਂ ਨਾਲ਼ ਭਰਿਆ ਪਿਆ ਹੈ। ਸਾਡੇ ਕੁੜੀ ਜੰਮਣਸਾਰ ਮਾਰਨ ਦੀ ਰੀਤ ਵੀਹਵੀਂ ਸਦੀ ਦੇ ਸ਼ੁਰੂ ਵਿਚ ਹੀ ਬੰਦ ਹੋਈ ਸੀ। (ਹੁਣ ਪੰਜਾਬ ਵਿਚ ਕੁੜੀ ਜੰਮਣ ਤੋਂ ਪਹਿਲਾਂ ਹੀ ਮਾਰ ਦੇਣ ਦੇ ਅੱਡੇ ਥਾਂ-ਪਰ-ਥਾਂ ਬਣੇ ਹੋਏ ਹਨ।) ਲੋਹੜੀ, ਰੱਖੜੀ ਵਰਗੇ ਮਰਦ ਅਹੰਕਾਰ ਵਾਲ਼ੇ ਤਿਉਹਾਰ ਪਤਾ ਨਹੀਂ ਕਦੋਂ ਰੱਦ ਹੋਣਗੇ? ਪੰਜਾਬੀ ਵਿਚ ਇਸਤਰੀ ਲਹਿਰ ਦਾ ਹਾਲੇ ਤਾਈਂ ਕੋਈ ਮੂੰਹ-ਮੱਥਾ ਨਹੀਂ ਬਣਿਆ।

ਕਿੰਨੀਆਂ-ਕੁ ਪੰਜਾਬਣਾਂ ਨੇ ਅਪਣਾ ਸਗਲਾ ਨਗਨ ਆਪਾ ਸ਼ੀਸ਼ੇ ਅੱਗੇ ਦੇਖਿਆ ਹੋਏਗਾ ਜਾਂ ਨਿਰਵਸਤਰ ਹੋ ਕੇ ਸੇਜ ਮਾਣੀ ਹੋਏਗੀ। ਦਿੱਲੀਉਂ ਛਪਦੇ ਔਰਤਾਂ ਦੇ ਪਰਚੇ *ਮਾਨੁਸ਼ੀ* ਵਿਚ ਇਕ ਵਾਰ ਲੇਖ ਛਪਿਆ ਸੀ, ਜਿਸ ਵਿਚ ਔਰਤਾਂ ਨੂੰ ਅਪਣੇ ਅੰਤਰੀਵ ਅੰਗ ਦੇਖਣ ਦੇ ਤਰੀਕੇ ਸਮਝਾਏ ਗਏ ਸਨ।

ਭਜਨੋ ਦੀ ਬਣਾਈ ਤਸਵੀਰ ਵਿਚ ਤੀਵੀਂ ਦੇ ਪਿੰਡੇ ਦੇ ਉਨ੍ਹਾਂ ਅੰਗਾਂ ਵਲ ਕੋਈ ਇਸ਼ਾਰਾ ਨਹੀਂ, ਜਿਨ੍ਹਾਂ ਨੂੰ ਮਰਦ ਅਕਸਰ ਤਾੜਦਾ ਹੈ ਤੇ ਉਹਨੂੰ ਇਹ ਵਹਿਮ ਹੁੰਦਾ ਹੈ ਕਿ ਉਹ ਜਿਵੇਂ ਚਾਹਵੇ ਤੀਵੀਂ ਦਾ ਪਿੰਡਾ ਵਰਤ ਸਕਦਾ ਹੈ। ਇਹ ਉਹਦੀ ਧੌਂਸ ਨਹੀਂ ਮੰਨਦੀ। ਇਹ ਮਰਦ ਨੂੰ ਮਾਯੂਸ ਕਰਨ ਵਾਲ਼ੀ ਤਸਵੀਰ ਹੈ।


# ਦੋ ਪਾਸਪੋਰਟ




ਛੋਟੀ ਤਸਵੀਰ ਹੁਸ਼ਿਆਰਪੁਰ ਦੇ ਪਿੰਡ ਚੰਦੇਲੀ ਦੇ ਮਿਹਰ ਸਿੰਘ (ਜਨਮ 1903) ਦੀ ਹੈ, ਜੋ ਇਹਦੇ ਦਸਾਂ ਤਹਿਆਂ ਵਾਲ਼ੇ ਬਿਨਾਂ ਜਿਲਤ ਦੇ ਪਾਸਪੋਰਟ ਚ ਜੜੀ ਨੀਊਯੌਰਕ ਦੇ ਐਲਿਸ ਟਾਪੂ ਦੇ ਮੀਉਜ਼ਮ ਔਵ ਮਾਈਗ੍ਰੇਸ਼ਨ ਚ ਪਈ ਹੈ। ਐਲਿਸ ਟਾਪੂ ਅਮਰੀਕਾ ਦੇ ਪੂਰਬੀ ਸਾਹਿਲ ਦੀ ਡਿਉੜ੍ਹੀ ਹੁੰਦਾ ਸੀ, ਜਿਹਦੇ ਥਾਣੀਂ ਲੰਘ ਕੇ ਲੱਖਾਂ ਲੋਕ ਕੰਢੇ ਲਗਦੇ ਰਹੇ। ਪਰ ਮਿਹਰ ਸਿੰਘ ਨੂੰ ਪਾਰ ਹੋਣ ਦਾ ਹੁਕਮ ਨਾ ਹੋਇਆ। ਕਿਉਂ? ਇਹ ਨਹੀਂ ਪਤਾ। ਜਿੱਥੋਂ ਇਹ ਆਇਆ ਸੀ, ਇਹਨੂੰ ਓਥੇ ਵਾਪਿਸ ਭੇਜ ਦੇਣ ਦੇ ਹੁਕਮ ਦੀ ਸੰਨ 1928 ਦੇ ਮਾਰਚ ਮਹੀਨੇ ਦੀ 28 ਤਾਰੀਖ਼ ਦੀ ਮੋਹਰ ਲੱਗੀ ਹੋਈ ਹੈ - ਡਿਪੋਰਟਡ ਟੂ ਸਿਟੀ ਔਵ ਲਾਹੌਰ।

ਦੂਸਰੀ ਤਸਵੀਰ ਹੁਸ਼ਿਆਰਪੁਰ ਦੇ ਹੀ ਪਿੰਡ ਬੱਠਲ਼ਾਂ ਦੇ ਰਾਜ-ਮਿਸਤਰੀ ਬਚਿੰਤ ਸਿੰਘ (ਜਨਮ 1901) ਦੀ ਹੈ। ਇਹਦੇ ਜਿਲਤ ਵਾਲ਼ੇ ਮਾਰਚ 1927 ਦੇ ਲਹੌਰ ਦੇ ਹੀ ਬਣੇ ਪਾਸਪੋਰਟ ਅੰਦਰ ਸਿਰਫ਼ ਇੱਕੋ 2 ਦਸੰਬਰ 1927 ਦੀ ਗੋਲ਼ ਨੀਲੀ ਮੋਹਰ ਲੱਗੀ ਹੋਈ ਹੈ, ਜਿੱਦਣ ਇਹ ਮੁੰਬਾਸੇ ਬੰਦਰਗਾਹ ਉਤਰਿਆ ਸੀ। ਇਹ ਮੁੜ ਵਤਨ ਨਹੀਂ ਗਿਆ। ਕਿਉਂ? ਇਹ ਨਹੀਂ ਪਤਾ। ਇਹ 53 ਸਾਲ ਪਿੱਛੋਂ ਸੰਨ 1980 ਚ ਕੀਨੀਆ ਚ ਹੀ ਪੂਰਾ ਹੋ ਗਿਆ। ਇਹਨੇ ਕੀਨੀਆ ਦੇ ਮਸਾਈ ਕਬੀਲੇ ਦੀ ਤੀਵੀਂ ਨਾ਼ਲ ਵਿਆਹ ਕੀਤਾ ਸੀ।

ਅੰਗਰੇਜ਼ੀ ਦਾ ਮੁਹਾਵਰਾ ਹੈ - ਟੂ ਸੀਲ ਸਮਵਨ'ਜ਼ ਫ਼ੇਟ। ਇਨ੍ਹਾਂ ਦੋਹਵਾਂ ਪਾਸਪੋਰਟਾਂ 'ਤੇ ਲੱਗੀਆਂ ਮੋਹਰਾਂ ਵਿਚ ਸਰਾਪ ਹੈ - ਪਹਿਲੀ ਕਹਿੰਦੀ ਹੈ: ਬੰਦਿਆ, ਤੇਰਾ ਮਿਰਕਣ ਚ ਅੰਨਜਲ ਨਹੀਂ; ਜਾਹ ਜਿੱਥੋਂ ਆਇਐਂ, ਚਲੇ ਜਾਹ। ਤੇ ਦੂਜੀ ਆਖਦੀ ਹੈ: ਆਹ ਲੈ ਜਣਿਆ, ਤੂੰ ਆ ਤਾਂ ਗਿਐਂ; ਪਰ ਹੁਣ ਅਪਣੇ ਪਿੰਡ ਜਾ ਕੇ ਦਿਖਾਈਂ।




ਐਸੀਆਂ ਮੋਹਰਾਂ ਦੇ ਮਤਲਬ ਵਰ੍ਹਿਆਂ ਪਿੱਛੋਂ ਉਜਾਗਰ ਹੁੰਦੇ-ਹੁੰਦੇ ਹਨ। ਪਾਸਪੋਰਟ ਦੀ ਫ਼ੋਟੋ ਭਵਿੱਖ ਦੀਆਂ ਸੁੱਖਾਂ ਸੁੱਖਦਿਆਂ ਖਿਚਵਾਈਦੀ ਹੈ। ਪਰ ਉਪਰ ਵਾਲ਼ੇ ਅਫ਼ਸਰਾਂ ਦੇ ਅਫ਼ਸਰ ਦੀ ਲਾਈ ਅਣਦਿਸਦੀ ਮੋਹਰ ਨਹੀਂ ਕੋਈ ਪੜ੍ਹ ਸਕਿਆ। ਇਹ ਹੋਣੀ ਇਨ੍ਹਾਂ ਤਸਵੀਰਾਂ ਵਿਚ ਸਾਕਾਰ ਹੈ।

# ਅੱਖੀਂ ਡਿੱਠਾ




॥ਡਿਠੇ ਸਭੇ ਥਾਵ ਨਾਹੀ ਤੁਧੁ ਜੇਹਿਆ॥

*

ਫੁੱਲ ਹਰੀ ਸੁ ਹਰ ਜੀ ਹਾਂ ਕਿ ਦਰਸ਼ਨ ਅਮ੍ਰਿਤਸਰ ਜੀ ਜਾਂ ਮੇਰਾ ਮਨ ਲੋਚਦਾ

ਇਹ ਤਸਵੀਰ ਉਸ ਵੇਲੇ ਦੀ ਹੈ, ਜਿਸ ਦਿਨ ਦਿੱਲੀ ਦੇ ਹਾਕਮਾਂ ਨੇ ਜੂਨ ਚੁਰਾਸੀ ਦੇ ਸਾਕੇ ਤੋਂ ਝਟ ਪਿੱਛੋਂ ਸੰਗਤਾਂ ਨੂੰ ਦਰਬਾਰ ਸਾਹਿਬ ਦੇ ਦਰਸ਼ਨ ਕਰਨ ਦਿੱਤੇ ਸਨ। ਦਰਸ਼ਨੀ ਡਿਉੜ੍ਹੀ ਚ ਖੜੋਤਾ ਯੋਗ ਜੋਏ ਅਪਣੇ ਕੈਮਰੇ ਥਾਣੀਂ ਸਾਨੂੰ ਸੰਗਤਾਂ ਦੇ ਦਰਸ਼ਨ ਕਰਵਾ ਰਿਹਾ ਹੈ। ਸਮੇਂ ਦਾ ਕੜ ਪਾਟ ਗਿਆ ਹੈ; ਕੋਈ ਜੇਲ ਟੁੱਟ ਗਈ ਹੈ; ਪੰਛੀ ਪਿੰਜਰੇ ਚੋਂ ਉੜਨ ਲੱਗੇ ਹਨ। ਸੰਗਤਾਂ ਜਲ੍ਹਿਆਂਵਾਲ਼ੇ ਬਾਗ਼ ਪਾਸਿਉਂ ਹੱਸਦੀਆਂ ਨੱਸਦੀਆਂ ਜਦ ਦਰਸ਼ਨੀ ਡਿਉੜ੍ਹੀ ਲੰਘੀਆਂ, ਤਾਂ ਇਨ੍ਹਾਂ ਤਬਾਹੀ ਵੇਖ ਕੇ ਭੁੱਬਾਂ ਮਾਰ ਕੇ ਰੋਣ ਲਗ ਜਾਣਾ ਹੈ। ਕੋਈ ਚੁੱਪ ਕਰਵਾਣ ਵਾਲ਼ਾ ਵੀ ਨਹੀਂ ਹੋਣਾ। ਵੱਡੇ ਸਾਕਿਆਂ ਦੇ ਚਸ਼ਮਦੀਦ ਗਵਾਹ ਸਰਾਪੇ ਹੋਏ ਲੋਕ ਹੁੰਦੇ ਹਨ। ਇਨ੍ਹਾਂ ਚੋਂ ਵਿਰਲਿਆਂ ਨੂੰ ਅੱਖੀਂ ਡਿੱਠਾ ਹਾਲ ਸੁਣਾਉਣ, ਜੀਉਂਦੇ ਬਚੇ ਰਹਿ ਜਾਣ, ਬਾਤਾਂ ਪਾਉਣ ਦੀ ਦਾਤ ਮਿਲ਼ੀ ਹੁੰਦੀ ਹੈ। ਦਮੋਦਰੀਏ। ਜੁਗਨੀ।

## ਦਰਪਣ



ਦਰਪਣ ਦਾ ਗੋਰਖਧੰਦਾ ਬੰਦੇ ਤੋਂ ਕਦੇ ਵੀ ਨਹੀਂ ਸੁਲ਼ਝਣਾ। ਸ਼ਬਦ ਦਰਪਣ ਦੀ ਜੜ੍ਹ ਸੰਸਕ੍ਰਿਤ ਦਰਪ ਦਾ ਅਰਥ ਅਹੰਕਾਰ ਹੈ। ਣਮ੍ ਦਾ ਅਰਥ ਹੈ - ਅੱਖ। ਅੱਖ ਹੋਰ ਸਭ ਕੁਝ ਦੇਖ ਲੈਂਦੀ ਹੈ, ਪਰ ਅਪਣੇ-ਆਪ ਨੂੰ ਨਹੀਂ ਦੇਖ ਸਕਦੀ। ਦਰਪਣ ਦੀ ਗੱਲ ਹਰ ਫ਼ਲਸਫ਼ੀ, ਸ਼ਾਇਰ ਤੇ ਕਲਾਕਾਰ-ਫ਼ਿਲਮਕਾਰ ਨੇ ਕੀਤੀ ਹੈ। ਰੈਨੇ ਮਾਰਗੀਤ ਵਰਗੇ ਉਸਤਾਦ ਚਿਤੇਰੇ ਸ਼ੀਸ਼ੇ ਅੰਦਰ ਸ਼ੀਸ਼ੇ ਬਣਾ ਕੇ ਵੀ ਇਹਦਾ ਭੇਤ ਨਹੀਂ ਪਾ ਸਕੇ। ਜੇ ਉਨ੍ਹਾਂ ਭਾਈ ਗੁਰਦਾਸ ਜਾਣਿਆ ਹੁੰਦਾ, ਤਾਂ ਸ਼ਾਇਦ ਉਨ੍ਹਾਂ ਨੂੰ ਘਟ ਖੌਝਲਣਾ ਪੈਂਦਾ। ਭਾਈ ਜੀ ਆਖਦੇ ਹਨ ਕਿ ਸ਼ੀਸ਼ਾ ਨਿਰਲੇਪ ਰਹਿੰਦਾ ਹੈ। (ਲੇਪ ਨ ਲਗੈ ਆਰਸੀ॥ ੩੧-੬-੪॥) ਇਹ ਜੋ ਹੈ, ਓਹੀ ਦਿਖਾਉਂਦਾ, ਆਪ ਵਿਚ ਨਹੀਂ ਆਉਂਦਾ। ਦਰਪਣ ਦੇ ਪਿੱਛੇ ਕੌਣ ਹੈ? ਇਹਦਾ ਉੱਤਰ ਭਾਈ ਜੀ ਦਿੰਦੇ ਹਨ ਕਿ ਉਹੀ ਜੋ ਦਰਪਣ ਦੇ ਅੱਗੇ ਦਿਸਦਾ ਹੈ। (ਦਰਪਣਿ ਰੂਪ ਜਿਵੇਹੀ ਪਿਠਾ॥ ਵਾਰ ੫॥) ਨੌਵੇਂ ਗੁਰੂ ਜੀ ਨੇ ਸਵਾਮੀ ਨੂੰ ਸ਼ੀਸ਼ੇ ਦੇ ਅਕਸ ਵਰਗਾ ਆਖਿਆ ਹੈ, ਜੋ ਬੰਦੇ ਦੇ ਅੰਦਰ ਹੀ ਵਸਦਾ ਹੈ। (ਸੋ ਤੁਮ ਹੀ ਮਹਿ ਬਸੈ ਨਿਰੰਤਰਿ ਨਾਨਕ ਦਰਪਨ ਨਿਆਈ॥ ਸੋਰਠਿ ਮ: ੯॥)

ਸਦੀਆਂ ਪਹਿਲਾਂ ਤਾਂਤਰਿਕੀਏ ਸ਼ੀਸ਼ਾ ਦੇਖਣ ਦਾ ਤਪ ਕਰਦੇ ਸੀ। ਸ਼ੀਸ਼ਾ ਬਣਨ ਤੋਂ ਪਹਿਲਾਂ ਕੁੱਜੇ ਵਿਚ ਪਾਏ ਪਾਣੀ ਚ ਮੁੱਖ ਤੱਕਦੇ ਰਹਿੰਦੇ। ਜਦ ਗਿਆਨ ਹੋਣਾ, ਕੁੱਜਾ ਭੰਨ ਦੇਣਾ। ਸੰਦੂਕ, ਚਰਖੇ, ਪਲੰਘ, ਓੜ੍ਹਨੀ ਤੇ ਅੰਗੀ 'ਤੇ ਸ਼ੀਸ਼ਾ ਚਿਰ ਮਗਰੋਂ ਲੱਗਾ। ਬਾਂਦਰ ਸ਼ੀਸ਼ਾ ਭੰਨ ਦਿੰਦਾ; ਬੰਦਾ ਨਹੀਂ ਭੰਨ ਸਕਿਆ। ਫ਼ੋਟੋ ਕੈਮਰਾ ਵੀ ਦਰਪਣ ਹੀ ਹੈ। ਇਹ ਚੁਗਲ ਝਾਤੀਆਂ ਮਾਰਨ ਵਾਲ਼ਾ ਇਕ-ਅੱਖਾ ਜੀਵ ਹੈ।

ਪੰਜਾਬੀ ਸਾਹਿਤ ਵਿਚ ਰੋਗ, ਬੁਢਾਪੇ ਤੇ ਮ੍ਰਿਤਯੂ ਦਾ ਜ਼ਿਕ੍ਰ ਨਾਂਮਾਤ੍ਰ ਹੈ। ਤਸਵੀਰ ਤੇ ਫ਼ਿਲਮ ਤਾਂ ਕੋਈ ਵੀ ਨਹੀਂ। ਇਹਦਾ ਕਾਰਣ ਭੈਅ ਹੀ ਹੋਣਾ ਹੈ। ਨੌਵੇਂ ਗੁਰੂ ਜੀ ਨੇ ਅਪਣੀ ਬਾਣੀ ਵਿਚ

ਇਹ ਭੈਅ ਚੁੱਕ ਦਿੱਤਾ ਸੀ। ਮੇਰੇ ਵਰਗਾ ਹਾਰੀ-ਸਾਰੀ ਇਸ ਭੈਅ ਅੱਗੇ ਬੇਵੱਸ ਹੁੰਦਾ ਹੈ।

ਪਹਿਲੀ ਤਸਵੀਰ ਸ਼ਾਇਰ ਹਰਿਭਜਨ ਸਿੰਘ ਦੀ ਸੰਨ 2000 ਦੇ ਸਿਆਲ਼ ਦੇ ਕਿਸੇ ਨਿੱਘੇ ਦਿਨ ਦੀ ਹੈ ਤੇ ਹੇਠਾਂ ਵਾਲ਼ੀ ਵਿਚ ਓਦਣ ਹੀ ਇਨ੍ਹਾਂ ਦਾ ਪੁਤਰ ਮਦਨ ਗੋਪਾਲ ਪੈਰਾਂ ਭਾਰ ਬੈਠਾ ਇਨ੍ਹਾਂ ਦੀਆਂ ਗੱਲਾਂ ਸੁਣ ਰਿਹਾ ਹੈ।

ਇਹ ਤਸਵੀਰਾਂ ਨਹੀਂ, ਦਰਪਣ ਹੈ; ਜਿਸ ਵਿਚ ਹਰਿਭਜਨ ਸਿੰਘ ਅਪਣਾ ਅਕਸ ਦੇਖਦਾ ਹੈ। ਦਵੈਤ ਮੁੱਕਿਆ ਲਗਦਾ ਹੈ। ਰੋਗ ਤੇ ਅਟੱਲ ਹੋਣੀ ਅੱਗੇ ਅਹੰਕਾਰ ਮੁੱਕੀ ਜਾਂਦਾ ਹੈ। ਦੋਹਵੇਂ ਸਮਰੂਪ ਹਨ। ਹਰਿਭਜਨ ਸਿੰਘ ਮਦਨ ਗੋਪਾਲ ਸਿੰਘ ਹੈ ਅਤੇ ਮਦਨ ਗੋਪਾਲ ਸਿੰਘ ਹਰਿਭਜਨ ਸਿੰਘ। ਕੌਣ ਕੀ ਹੈ? ਕੁਝ ਨਹੀਂ ਪਤਾ। ਪਿਉ ਕੌਣ? ਪੁਤਰ ਕੌਣ? ਜੀਵਨ-ਮਾਲ਼ਾ ਦੀਆਂ ਲੜੀਆਂ। ਪਿਉ ਦੇ ਪਿਉ ਦਾ ਪਿਉ। ਪੁਤ ਦੇ ਪੁਤ ਦਾ ਪੁਤ। ਪਿਛਲੇ ਵਾਲ਼ੇ ਵੀ ਤੇ ਅਗਾਂਹ ਦੇ ਵੀ। ਜਣਨੀ ਰੱਬ ਵਾਂਗ ਮੌਜੂਦ ਹੈ, ਪਰ ਤਸਵੀਰ ਚ ਨਹੀਂ ਦਿਸਦੀ। ਮ੍ਰਿਤਯੂ ਇਸ ਵੇਲੇ ਖ਼ਾਰਿਜ ਹੈ। ਦੋਹਵਾਂ ਦੇ ਹੱਥਾਂ ਚ ਚਾਹ ਦੇ ਅੱਧ-ਭਰੇ ਪਿਆਲੇ ਹਨ। ਐਸਾ ਵੇਲਾ ਕਿਸੇ ਭਾਗਾਂ ਵਾਲ਼ੇ ਨੂੰ ਹੀ ਮਿਲ਼ਦਾ ਹੈ।



ਇਹ ਤਸਵੀਰਾਂ ਖਿੱਚੇ ਜਾਣ ਤੋਂ ਪਹਿਲਾਂ ਮਦਨ ਗੋਪਾਲ ਨੇ ਫ਼ਿਲਮ ਖ਼ਾਮੋਸ਼ ਪਾਣੀ ਚ ਗਾਏ ਅਪਣੇ ਗੀਤਾਂ ਦੀ ਰੀਲ ਸੁਣਾਈ ਸੀ ਤੇ ਪਿਤਾ ਨੇ ਹਵਾ ਚ ਉਂਗਲ਼ ਉਠਾ ਕੇ ਪੁਤਰ ਨੂੰ ਚੁੱਪ-ਦਾਦ ਦਿੱਤੀ ਸੀ। ਮਗਰੋਂ ਪਿਉ-ਪੁਤ ਕੀ ਗੱਲਾਂ ਕਰਦੇ ਰਹੇ, ਮੈਂ ਸੁਣੀਆਂ ਨਹੀਂ। ਮੈਂ ਕਿਤੇ ਹੋਰ ਸੀ – ਤਿੰਨ ਦਹਾਕੇ ਪਹਿਲਾਂ ਬੀਮਾਰੀ ਨਾਲ਼ ਘੁਲ਼-ਘੁਲ਼ ਮੁੱਕ ਗਏ ਅਪਣੇ ਪਿਤਾ ਕੋਲ਼।

# The Disappearance

In 2004 John Berger invited me to write with him about the Argentinean photographer Marcel Brodsky's book *Beuna Memoria*.[1] Having read my notes, Berger wrote back to me in July 2005, 'I love your pages and want to "talk" with them. But I've a stupid practical problem. I can't find a copy of 'Buena Memoria'! Did I send you mine by any chance? How has it disappeared? Stupid.' Although our essay did not materialise, this piece is written in the style of projecting the word as the image and vice versa. – *AC*

**REAL HANDS**

*He who without explanation vanished one afternoon*
*(perhaps they carried him away) left on the kitchen table*
*his woollen gloves like two severed hands –*
*bloodless, improtesting, serener or rather*
*like his own hands, slightly swollen, robust,*
*with the lukewarm air of a very ancient forbearance.*
*There,*
*between the slack, woollen fingers*
*we place from time to time a slice of bread, a flower,*
*or the glass with our wine, reassured*
*that at least on gloves they cannot clasp handcuffs.*

Yannis Ritsos[2]

It is not only the photograph which marks the absence. It is marked by so many other objects – a pen, a letter, a comb, a shirt, a bicycle; or just a thought.

350 bicycles are drawn on walls around Rosario to mark all those that disappeared – 35,000 people from 1976 to 1983.

It is the wound. It hurts. The image in memory is never still like a photograph. The photograph fades with time; the black turns

into sepia, silvery, mercurial. The film – the skin of the wound too raw to be touched even with the sight.

*When the wound stops hurting, what hurts is the scar.* – Brecht[3]

It is the scar.

The moment exposed on the surface of a film in total darkness; coating burnt by the focused light washed away by the chemicals and the image becomes fixed and transparent. Turned into positive by the same process in reverse.

It burns. It is burnt.

It is the death mask.

They acted and fought and struggled with love, a lot of love.

### TESTIMONY OF A STUDENT OF THE COLEGIO NACIONAL DE BUENOS AIRES[4]

Love embodies all – the struggle for justice, equality, freedom.

Against the backdrop of the large image, the faces of viewers and the viewed merge; they lean on each other in the reflection.




Marcelo Brodsky's brother Fernando 4th from right second row who disappeared

Faces from family albums come out in the public squares. The image is the defiance. Against tyranny; death, time.

Mothers chant carrying the photographs of their loved ones. Tears dried up. People join in the *carcerolazo* banging their pots. "Where are they?" one banner asks.

– Cut to –

Kissinger. Galtieri.

– Cut to –

After the WW2 Russian mothers running with their men's photos showing to the POWs returning home. There's no sound.

## TRACES OF MEMORY

*In an exhibition hall in Brixton*
*names of the disappeared in Argentina so many years ago*
*hang from the ceiling printed on a plastic sheet*
*A strong focused light projects their shadows on the wall*
*They move with the jostling of the viewers.*
*Ever changing fixtures of their eyes.*
*Nothing stays still.*
*The blurred contours of the alphabets*
*touch the wall*
*as you touch the book of Borges.*

*You close your eyes and take a deep breath –*
*or is it a sigh –*
*to vault the image in mind.*[5]

Where are they?

Posing before the camera.
  Self-portrait.
  Seeing in the mirror?

Is the camera a friend, a stranger or unsure?
    What's in there? In that glass eye – blind and shining?

In *Beuna Memoria* it is certainly a friend.


Passport photos – facing the future; towards the possibility of numerous journeys.

Police mug shots – Cheka/NKVD/KGB. Gestapo. Pol Pot.

XIOIX

Devoid of the past and future. Facing the monster in the present moment of time. Still.

Snaps – of dear ones kept in wallets. Lockets. Talismans. Keepsakes.



Fernando's picture taken by his mother

A friend came to see me in a dream. From far away. And I asked him in the dream: "Did you come by photograph or train?" All photographs are a form of transport and an expression of absence.[6]

The disappeared journey back on photographs. In *Beuna Memoria* they arrive in groups. They are still together as they were when they posed for the school photograph. They haven't aged. They will never be.

They sit next to you. Your heart is on your tongue (Punjabi idiom). They listen to you and leave soon without a word. They are always in a rush. This time they disappear with their own wish. It is not a dream.

To relive the other person's experience is impossible, not to speak of one's own. Even those who re-enact Christ's crucifixion cannot relive his anguish and pain. Empathy, yes. Only the dead know death, you don't. You can only imagine.

[2005]

NOTES

1. Brodsky, M (2003) *Beuna memoria*, Ostfildern: Hatje Cantz.
2. Ritsos, Y. trans. Minas Savvas, *The New York Review*, 15 November 1973.
3. Willett, J., Manheim, R & Fried, E. eds (1976) *Bertolt Brecht Poems, 1913-1956*. London: Methuen, translated by Frank Jones, p. 148.
4. Brodsky, *Beuna memoria*, op.cit., p.60.
5. Ibid., p 61
6. Chandan, A. (2017) *The Parrot The Horse The Man*, Todmorden: Arc Publications, p. 83.
7. Berger, J. (1975) *A Seventh Man*, London: Penguin Books, p. 13.

Reproduced from: Chandan, A., Gunaratnam, Y. eds (2016) *A Jar of Wild Flowers: Essays in Celebration of John Berger*, London: Zed

# Seeing Not Seeing




The camera relieves us of the burden of memory. ... The camera records in order to forget. . . . All photographs are there to remind us of what we forget. . . . Paintings record what the painter remembers.

– John Berger, *About Looking* (1980) and *Photocopies* (1996)

*

In Spitalfields, East London, hardly anybody was watching Olympic torch relay with the naked eye. They were all busy recording the event through the glass lens, taking pictures, except for two curious small children. Watchful security was part of the spectacle. The camera was the screen between the eye and the event. The torchbearer was not the centre of attention (who was he?), the torch was – held high with the flame hardly visible in day light. They were filming live theatre. The void.

What was really happening? Was it a paradox of perception – seeing and not seeing at the same time? Why we don't see any more as we used to up until only a generation ago? The world we experience around us is no longer free of all mechanical optic equipment. In events such as these we tend to lose presence and postpone our palpable collective experience hoarding digital images in memory cards (the highest capacity for flash memory cards is currently 128GB) to see them later through a tunnelled viewfinder – which is not first-hand experience – it is virtual, partial, and flat.

A glass lens ranging from fisheye to panoramic field of view has replaced 180-degree forward-facing horizontal field of view of an individual human eye.


Perhaps one of the spectators was a painter. One day he would draw the scene in the photograph he collected retracing it on the canvas. Photographic memory?

Has the camera made our experiences richer?

*

॥ਇਤਿਸ੍ਰੀ॥





ਅਮਰਜੀਤ ਚੰਦਨ
ਚਿੱਟਾ ਅਖਾੜਾ, ਅੰਮ੍ਰਿਤਸਰ, 2009
ਫ਼ੋਟੋਕਾਰ: ਸੰਦੀਪ ਸਿੰਘ

ਸੱਚਲ ਪ੍ਰਕਾਸ਼ਨ, ਅੰਮ੍ਰਿਤਸਰ

9 788193 5225